Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 21* Issue 203** | **Thursday, October 20, 2022** | **Tel: 905-793-2202 | Fax: 905-793-2282 | news@punjabipost.ca** | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਦਾ ਟੀਚਾ ਪੂਰਾ ਕਰਨ ਦੀ ਟਰੂਡੋ ਨੇ ਦਿੱਤੀ ਗਰੰਟੀ

ਓਟਵਾ, 19 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਉਹ ਗਰੰਟੀ ਦਿੰਦੇ ਹਨ ਕਿ ਕੈਨੇਡਾ ਇਸ ਵਾਰੀ ਆਪਣਾ ਤਾਜ਼ਾ ਕਲਾਈਮੇਟ ਟੀਚਾ ਪੂਰਾ ਕਰਕੇ ਹੀ ਸਾਹ ਲਵੇਗਾ। ਉਨ੍ਹਾਂ ਆਖਿਆ ਕਿ ਇਸ ਵਾਰੀ ਸਾਡੀ ਯੋਜਨਾ ਬਹੁਤ ਪੁਖ਼ਤਾ ਹੈ ਜੋ ਦਰਸਾਉਂਦੀ ਹੈ ਕਿ ਅਸੀਂ ਇਹ ਟੀਚਾ ਕਿਵੇਂ ਪੂਰਾ ਕਰਨਾ ਹੈ।



1988 ਵਿੱਚ ਕੈਨੇਡਾ ਨੇ ਅੱਠ ਵੱਖ ਵੱਖ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਦਾ ਟੀਚਾ ਮਿਥਿਆ ਸੀ। ਇਨ੍ਹਾਂ ਵਿੱਚੋਂ ਛੇ ਆਈਆਂ ਪਰ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ। ਅਗਲਾ ਟੀਚਾ 2030 ਲਈ ਤੈਅ ਕੀਤਾ ਗਿਆ ਹੈ। ਇਸ ਲਈ ਕੈਨੇਡਾ ਨੂੰ 2005 ਦੇ ਬਰਾਬਰ ਆਪਣੀਆਂ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਲਿਆਉਣਾ ਹੋਵੇਗਾ, ਜਿਸ ਤੋਂ ਭਾਵ ਹੈ ਕਿ ਇਸ ਰਿਸਾਅ ਨੂੰ 55 ਤੋਂ 60 ਫੀ ਸਦੀ ਘਟਾਉਣਾ ਹੋਵੇਗਾ। ਇਹ ਪਿਛਲੇ ਟੀਚੇ ਨਾਲੋਂ ਕਿਤੇ ਵੱਡਾ ਹੈ।

2020 ਵਿੱਚ ਰਿਸਾਅ ਦੇ ਪੱਧਰ ਦੇ ਆਧਾਰ ਉੱਤੇ ਇਸ ਨਵੇਂ ਟੀਚੇ ਨੂੰ ਪੂਰਾ ਕਰਨ ਤੋਂ ਮਤਲਬ ਹੋਵੇਗਾ ਕਿ ਹਰ ਸਾਲ ਕੈਨੇਡਾ ਨੂੰ 23 ਮਿਲੀਅਨ ਟੰਨ ਗੈਸਾਂ ਦੇ ਰਿਸਾਅ ਨੂੰ ਖ਼ਤਮ ਕਰਨਾ ਹੋਵੇਗਾ। ਇਸ ਦਾ ਜੇ ਸਿੱਧਾ ਹਿਸਾਬ ਲਾਇਆ ਜਾਵੇ ਤਾਂ ਇਹ ਹਰ 12 ਮਹੀਨਿਆਂ ਵਿੱਚ ਇਸ ਦਹਾਕੇ ਦੇ ਅੰਤ ਤੱਕ ਪੰਜ ਮਿਲੀਅਨ ਕਾਰਾਂ ਨੂੰ ਸੜਕਾਂ ਤੋਂ ਉਤਾਰਨ ਦੇ ਬਰਾਬਰ ਹੋਵੇਗਾ।

ਇਹ ਪੁੱਛੇ ਜਾਣ ਉੱਤੇ ਕੀ ਕੈਨੇਡਾ ਇਹ ਟੀਚਾ ਪੂਰਾ ਕਰ ਲਵੇਗਾ, ਤਾਂ ਟਰੂਡੋ ਨੇ ਕਿਹਾ ਹਾਂ ਬਿਲਕੁਲ। ਟਰੂਡੋ ਨੇ ਆਖਿਆ ਕਿ ਕਿ ਕੈਨੇਡਾ ਦੇ ਐਮਿਸ਼ਨਜ਼ ਰਿਡਕਸ਼ਨ ਪਲੈਨ, ਜੋ ਮਾਰਚ ਵਿੱਚ ਪਬਲਿਸ਼ ਹੋਇਆ ਸੀ, ਅਜਿਹਾ ਰੋਡ ਮੈਪ ਮੁਹੱਈਆ ਕਰਵਾਉਂਦਾ ਹੈ ਜਿਸ ਨਾਲ ਇਹ ਨਵਾਂ ਟੀਚਾ ਹਾਸਲ ਕੀਤਾ ਜਾ ਸਕਦਾ ਹੈ।

## ਲਿਬਰਲਾਂ ਦਾ ਜੀਐਸਟੀ ਛੋਟ ਸਬੰਧੀ ਬਿੱਲ ਹੋਇਆ ਪਾਸ

ਓਟਵਾ, 19 ਅਕਤੂਬਰ (ਪੋਸਟ ਬਿਊਰੋ) : ਲਿਬਰਲਾਂ ਵੱਲੋਂ ਪੇਸ਼ ਕੀਤਾ ਗਿਆ ਜੀਐਸਟੀ ਛੋਟ ਬਿੱਲ ਪਾਸ ਹੋ ਗਿਆ ਹੈ, ਜਿਸ ਨਾਲ ਜੀਐਸਟੀ ਛੋਟ ਹਾਸਲ ਕਰਨ ਵਾਲੇ ਲੋਕਾਂ ਨੂੰ ਇਸ ਸਾਲ ਇੱਕ ਹੋਰ ਚੈੱਕ ਮਿਲਣ ਦੀ ਉਮੀਦ ਬੱਝ ਗਈ ਹੈ।

ਲਿਬਰਲ ਸਰਕਾਰ ਦਾ ਬਿੱਲ ਸੀ-30 ਮੰਗਲਵਾਰ ਨੂੰ ਕਾਨੂੰਨ ਬਣ ਗਿਆ। ਇਸ ਬਿੱਲ ਦੇ ਪਾਸ ਹੋਣ ਨਾਲ ਅਗਲੇ ਛੇ ਮਹੀਨਿਆਂ ਲਈ ਲੋਕਾਂ ਨੂੰ ਬੈਨੇਫਿਟ ਦੀ ਦੁੱਗਣੀ ਰਕਮ ਹਾਸਲ ਹੋਵੇਗੀ। ਰਹਿਣੀ ਸਹਿਣੀ ਉੱਤੇ ਆ ਰਹੀ ਅੰਤਾਂ ਦੀ ਲਾਗਤ ਕਾਰਨ ਪੈਦਾ ਹੋਏ ਸੰਕਟ ਨੂੰ ਖ਼ਤਮ ਕਰਨ ਲਈ ਲਿਬਰਲਾਂ ਵੱਲੋਂ ਕੁੱਝ ਸਮੇਂ ਪਹਿਲਾਂ ਹਾਊਸ ਆਫ ਕਾਮਨਜ਼ ਵਿੱਚ ਇਹ ਬਿੱਲ ਪੇਸ਼ ਕੀਤਾ ਗਿਆ ਸੀ।



ਮੰਗਲਵਾਰ ਨੂੰ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਇਹ ਬਿੱਲ ਸੈਨੇਟ ਵਿੱਚ ਪਾਸ ਹੋ ਗਿਆ।

ਜਿਹੜੇ ਕੈਨੇਡੀਅਨ ਜੀਐਸਟੀ ਛੋਟ ਲਈ ਯੋਗ ਹਨ, ਉਨ੍ਹਾਂ ਨੂੰ ਛੋਟ ਦੇ ਚੈੱਕ ਜਿੰਨੀ ਹੀ ਉੱਕੀ ਪੁੱਕੀ ਰਕਮ ਅਕਤੂਬਰ ਤੇ ਜਨਵਰੀ ਵਿੱਚ ਹਾਸਲ ਹੋਵੇਗੀ। ਇਸ ਤੋਂ ਪਹਿਲਾਂ ਸਰਕਾਰ ਨੇ ਇਹ ਸੰਕੇਤ ਦਿੱਤਾ ਸੀ ਕਿ ਬਿੱਲ ਨੂੰ ਸ਼ਾਹੀ ਮਨਜ਼ੂਰੀ ਮਿਲਣ ਤੋਂ ਬਾਅਦ ਅਦਾਇਗੀਆਂ ਲਈ ਤਿੰਨ ਤੋਂ ਚਾਰ ਹਫਤਿਆਂ ਦਾ ਸਮਾਂ ਲੱਗੇਗਾ।

## ਟੈਕਸੀ ਸਕੈਮ ਦੇ ਸਬੰਧ ਵਿੱਚ 14 ਸਾਲਾ ਲੜਕਾ ਗ੍ਰਿਫਤਾਰ

ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ): ਟੈਕਸੀ ਕੈਬ ਸਕੈਮ ਦੀ ਜਾਂਚ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਵੱਲੋਂ ਇੱਕ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

17 ਅਕਤੂਬਰ ਨੂੰ ਅਧਿਕਾਰੀਆਂ ਨੂੰ ਸਕਾਰਬਰੋ ਵਿੱਚ ਮਾਰਖਮ ਰੋਡ ਤੇ ਲਾਅਰੈਂਸ ਐਵਨਿਊ ਈਸਟ ਏਰੀਆ ਵਿੱਚ ਇੱਕ ਮਾਲ ਦੇ ਪਾਰਕਿੰਗ ਲੌਟ ਵਿੱਚ ਵਾਪਰੀ ਸਕੈਮ ਦੀ ਇੱਕ ਘਟਨਾ ਬਾਬਤ ਜਾਣੂ ਕਰਵਾਇਆ ਗਿਆ। ਇਸ ਸਕੈਮ ਬਾਰੇ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਤਰ੍ਹਾਂ ਦੇ ਮਸ਼ਕੂਕ ਸੰਘਣੇ ਟਰੈਫਿਕ, ਜਿਵੇਂ ਕਿ ਮਾਲ ਦਾ ਪਾਰਕਿੰਗ ਲੌਟ ਹੋਵੇ, ਵਾਲੇ ਏਰੀਆ ਵਿੱਚ ਟੈਕਸੀ ਨਾਲ ਮੇਲ ਖਾਂਦੀ ਗੱਡੀ ਪਾਰਕ ਕਰ ਦਿੰਦੇ ਹਨ ਜਿੱਥੇ ਇੱਕ ਮਸ਼ਕੂਕ ਡਰਾਈਵਰ ਤੇ ਦੂਜਾ ਕਸਟਮਰ ਬਣ ਕੇ ਘੁੰਮਦੇ ਹਨ।

ਦੋਵੇਂ ਮਸ਼ਕੂਕ ਕੋਵਿਡ-19 ਕਾਰਨ ਕੈਬ ਵਿੱਚ ਕੈਸ਼ ਅਦਾਇਗੀ ਨਾ ਸਵੀਕਾਰੇ ਜਾਣ ਦੇ ਮੁੱਦੇ ਉੱਤੇ ਲੜਨ ਦਾ ਨਾਟਕ ਕਰਦੇ ਹਨ। ਫਿਰ ਕੋਈ ਵੀ ਵਿਅਕਤੀ ਕੈਸ਼ ਬਦਲੇ ਆਪਣੇ ਕ੍ਰੈਡਿਟ ਜਾਂ ਡੈਬਿਟ ਕਾਰਡ ਨਾਲ ਕਸਟਮਰ ਲਈ ਪੈਸਿਆਂ ਦੀ ਅਦਾਇਗੀ ਕਰ ਦਿੰਦਾ ਹੈ। ਇਨ੍ਹਾਂ ਵਿਅਕਤੀਆਂ ਵੱਲੋਂ ਇਸ ਵਿਅਕਤੀ ਦਾ ਧਿਆਨ ਭਟਕਾ ਕੇ ਉਸ ਦੇ ਕਾਰਡ ਨੂੰ ਕਿਸੇ ਹੋਰ ਕਾਰਡ ਨਾਲ ਬਦਲ ਦਿੱਤਾ ਜਾਂਦਾ ਹੈ। ਸੋਧੀ ਹੋਈ ਮਸ਼ੀਨ ਵਿੱਚ ਉਸ ਵਿਅਕਤੀ ਦਾ ਕਾਰਡ ਪਾਇਆ ਜਾਂਦਾ ਹੈ ਤੇ ਉਹ ਮਸ਼ੀਨ ਉਸ ਵਿਅਕਤੀ ਦੇ ਡੈਬਿਟ ਜਾਂ ਕ੍ਰੈਡਿਟ ਕਾਰਡ ਦਾ ਡਾਟਾ ਤੇ ਪਿੰਨ ਨੰਬਰ ਰਿਕਾਰਡ ਕਰ ਲੈਂਦੀ ਹੈ।

ਫਿਰ ਉਸ ਵਿਅਕਤੀ ਦੇ ਕਾਰਡ ਦੀ ਜਾਣਕਾਰੀ ਇੱਕਠੀ ਕਰਕੇ ਮਸ਼ਕੂਕ ਜਾਅਲੀ ਢੰਗ ਨਾਲ ਪੈਸਿਆਂ ਦਾ ਲੈਣ ਦੇਣ ਕਰਦੇ ਹਨ। ਪੁਲਿਸ ਨੂੰ ਇਸ ਤਰ੍ਹਾਂ ਦੀ ਜਾਅਲੀ



ਟੈਕਸੀ ਕੈਬ ਦੀ ਖਬਰ 17 ਅਕਤੂਬਰ ਨੂੰ ਮਿਲੀ। ਇਸ ਉਪਰੰਤ ਪੁਲਿਸ ਵੱਲੋਂ ਇੱਕ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਯੂਥ ਕ੍ਰਿਮੀਨਲ ਜਸਟਿਨ ਐਕਟ ਤਹਿਤ ਉਸ ਦੀ ਪਛਾਣ ਜਾਹਰ ਨਹੀਂ ਕੀਤੀ ਗਈ। ਇਸ ਤੋਂ ਦੋ ਦਿਨ ਪਹਿਲਾਂ ਇੱਕ ਮਹਿਲਾ ਨੇ ਇਹ ਦਾਅਵਾ ਕੀਤਾ ਸੀ ਕਿ ਟੋਰਾਂਟੋ ਵਿੱਚ ਇੱਕ ਟੀਨੇਜਰ ਲੜਕਾ ਉਸ ਕੋਲ ਆਇਆ ਸੀ ਤੇ ਉਸ ਨੇ ਉਸ ਨੂੰ ਆਪਣੀ ਟੈਕਸੀ ਕੈਬ ਦੀ ਅਦਾਇਗੀ ਆਪਣੇ ਡੈਬਿਟ ਜਾਂ ਕ੍ਰੈਡਿਟ ਕਾਰਡ ਨਾਲ ਕਰਨ ਲਈ ਮਿੰਨਤ ਵੀ ਕੀਤੀ ਸੀ।

ਜਦੋਂ ਉਸ ਮਹਿਲਾ ਨੇ ਆਪਣੇ ਕਾਰਡ ਨਾਲ ਅਦਾਇਗੀ ਕੀਤੀ ਤਾਂ ਉਸ ਨੇ ਪਾਇਆ ਕਿ ਉਸ ਨੂੰ ਮੋੜਿਆ ਗਿਆ ਕਾਰਡ ਉਸ ਦਾ ਨਹੀਂ ਸੀ ਤੇ ਉਸ ਨੇ ਡਰਾਈਵਰ ਨੂੰ ਉਸ ਦਾ ਅਸਲੀ ਕਾਰਡ ਮੋੜਨ ਲਈ ਆਖਿਆ। ਪਰ ਦੋਵੇਂ ਮਸ਼ਕੂਕ ਉਸ ਨੂੰ ਠਿੱਠ ਕਰਨ ਲੱਗੇ ਕਿ ਉਸ ਨੂੰ ਪਤਾ ਲੱਗ ਗਿਆ ਹੈ ਕਿ ਕਾਰਡ ਉਸ ਦਾ ਨਹੀਂ ਹੈ। ਫਿਰ ਦੋਵੇਂ ਗੱਡੀ ਵਿੱਚ ਬੈਠ ਕੇ ਮਾਸਕ ਪਾ ਕੇ ਆਖਣ ਲੱਗੇ ਕਿ ਉਹ ਉਨ੍ਹਾਂ ਦੀ ਪਛਾਣ ਬਾਰੇ ਪਤਾ ਨਹੀਂ ਲਾ ਸਕੇਗੀ। ਪਰ ਮਹਿਲਾ ਨੇ ਸਾਰੀ ਗੱਲਬਾਤ ਫੋਨ ਉੱਤੇ ਰਿਕਾਰਡ ਕਰ ਲਈ ਤੇ ਇਸ ਘਟਨਾ ਦੀ ਵੀਡੀਓ ਵੀ ਬਣਾ ਲਈ। ਫਿਰ ਉਸ ਵੱਲੋਂ ਇਹ ਵੀਡੀਓ ਟਿੱਕ ਟਾਕ ਉੱਤੇ ਵੀ ਵਾਇਰਲ ਕੀਤੀ ਗਈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

OURR HOME & APPLIANCES
FALL For Ourr Exclusive Deals
UPGRADE TO SMART SCREEN FRIDGE IN JUST $499
PRICE $4699
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010 | 5781 Highway 7 Unit 10, Vaughan, ON L4L 1T8, (416)-477-5556
416-551-5553
WWW.OURRHOMEAPPLIANCES.COM

MUFFIN'S
Pure Vegetarian
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਮਿਲ ਗਈਆਂ ਸਾਢੇ ਕੁ ਸੱਤ ਹਜ਼ਾਰ ਵੋਟਾਂ,
ਖੜਗੇ ਬਣਿਆ ਹੈ ਕਾਂਗਰਸ ਪ੍ਰਧਾਨ ਬੇਲੀ।
ਸ਼ਸ਼ੀ ਥਰੂਰ ਦੀ ਕੱਚੀ ਜਿਹੀ ਹੋਈ ਹਾਲਤ,
ਸਮੇਟ ਕੇ ਤੁਰ ਗਿਆ ਕੁੱਲ ਸਾਮਾਨ ਬੇਲੀ।
ਨਹਿਰੂ, ਗਾਂਧੀ ਤੇ ਇੰਦਰਾ ਵਕਤ ਜਿਹੜੀ,
ਕਾਂਗਰਸ ਪੱਲੇ ਨਹੀਂ ਰਹੀ ਹੈ ਸ਼ਾਨ ਬੇਲੀ।
ਡਾਢੀ ਚਿੰਤਾ ਕਿ ਡੁੱਬੀ ਪਈ ਪਾਰਟੀ ਵਿੱਚ,
ਪਾਉਣੀ ਖੜਗੇ ਨੇ ਕਿਸ ਤਰ੍ਹਾਂ ਜਾਨ ਬੇਲੀ।
ਵੱਡੀ ਪਲਟਣ ਆ ਚੇਲਿਆਂ-ਚਾਟੜਿਆਂ ਦੀ,
ਰਾਗ ਰਾਹੁਲ ਦਾਬਾਹਰ ਤੋਂ ਗਾਉਣਿਆਂ ਦੀ।
ਬਾਹਰੋਂ ਬਗਲਿਆਂ ਦੇ ਵਾਂਗਰ ਚਿੱਟਿਆਂ ਦੀ,
ਦਿਲ ਤੋਂ ਮੋਦੀ ਦਾ ਨਾਮ ਧਿਆਉਣਿਆਂ ਦੀ।

**ਤੀਸ ਮਾਰ ਖਾਂ**

# ਲੈਵੈਲ ਵਿੱਚ 2 ਬੱਚਿਆਂ ਦੀ ਮੌਤ ਦੇ ਸਬੰਧ ਵਿੱਚ ਪੰਜਾਬੀ ਪਿਤਾ ਨੂੰ ਕੀਤਾ ਗਿਆ ਚਾਰਜ

ਲੈਵੈਲ, 19 ਅਕਤੂਬਰ (ਪੋਸਟ ਬਿਊਰੋ) : ਆਪਣੇ ਦੋ ਬੱਚਿਆਂ ਦੀ ਜਾਨ ਲੈਣ ਵਾਲੇ ਲੈਵੈਲ, ਕਿਊਬਿਕ ਦੇ 45 ਸਾਲਾ ਵਿਅਕਤੀ ਨੂੰ ਫਰਸਟ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਮੰਗਲਵਾਰ ਨੂੰ ਚਾਰਜ ਕੀਤਾ ਗਿਆ।

ਇਸ ਵਿਅਕਤੀ ਕਮਲਜੀਤ ਅਰੋੜਾ ਨੂੰ ਆਪਣੀ ਪਤਨੀ ਰਮਾ ਰਾਣੀ ਅਰੋੜਾ ਦਾ ਕਥਿਤ ਤੌਰ ਉੱਤੇ ਗਲਾ ਘੁੱਟ ਕੇ ਕਤਲ ਕਰਨ ਦੇ ਮਾਮਲੇ ਵਿੱਚ ਹਮਲੇ ਲਈ ਵੀ ਚਾਰਜ ਕੀਤਾ ਗਿਆ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ




ਅਨੁਸਾਰ ਇਹ ਸੋਮਵਾਰ ਰਾਤ ਨੂੰ ਹੋਈ ਘਰੇਲੂ ਹਿੰਸਾ ਦਾ ਮਾਮਲਾ ਲੱਗ ਰਿਹਾ ਹੈ।

ਗੁਆਂਢੀ ਐਨੀ ਕਾਰਪੇਂਟੀਅਰ ਅਨੁਸਾਰ ਸੱਭ ਤੋਂ ਪਹਿਲਾਂ ਘਰ ਦੀ ਵੱਡੀ ਬੱਚੀ ਨੇ ਪੁਲਿਸ ਨੂੰ ਇਸ ਹਿੰਸਾ ਤੋਂ ਆਗਾਹ ਕਰਵਾਇਆ। ਕਾਰਪੇਂਟੀਅਰ ਉਸ ਸਮੇਂ ਆਪਣੇ ਕੰਮ ਤੋਂ ਘਰ ਆ ਰਹੀ ਸੀ ਜਦੋਂ ਟੀਨੇਜਰ ਉਸ ਦੇ ਘਰ ਆਈ ਤੇ ਉਸ ਨੇ ਉਸ ਨੂੰ 911 ਉੱਤੇ ਕਾਲ ਕਰਨ ਲਈ ਆਖਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾ ਨੂੰ 11 ਸਾਲਾ ਲੜਕਾ ਤੇ 13 ਸਾਲਾ ਲੜਕੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲੇ। ਦੋਵਾਂ ਬੱਚਿਆਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਨ੍ਹਾਂ ਦੇ ਪਿਤਾ ਨੂੰ ਵੀ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਹੁਣ ਸਥਿਰ ਦੱਸੀ ਜਾ ਰਹੀ ਹੈ।

ਕਾਰਪੇਂਟੀਅਰ ਨੇ ਦੱਸਿਆ ਕਿ ਇਹ ਪਰਿਵਾਰ ਕੁੱਝ ਮਹੀਨੇ ਪਹਿਲਾਂ ਹੀ ਇੱਥੇ ਆਇਆ ਸੀ ਤੇ ਉਹ ਆਮ ਪਰਿਵਾਰਾਂ ਵਾਂਗ ਹੀ ਨਜ਼ਰ ਆਉਂਦੇ ਸਨ। ਕਿਊਬਿਕ ਦੇ ਪ੍ਰੀਮੀਅਰ ਫਰੈਂਕੌਇਸ ਲੀਗਾਲਟ ਨੇ ਵੀ ਟਵਿੱਟਰ ਉੱਤੇ ਇਸ ਘਟਨਾ ਦੇ ਸਬੰਧ ਵਿੱਚ ਦੁੱਖ ਸਾਂਝਾ ਕੀਤਾ। ਦੋਵੇਂ ਬੱਚੇ ਲੈਵੈਲ ਵਿੱਚ ਪਿਏਰ-ਲੈਪੋਰਟ ਤੇ ਸੇਂਟ ਮਾਰਟਿਨ ਸਕੂਲਾਂ ਵਿੱਚ ਪੜ੍ਹਦੇ ਸਨ।

## ਯੂਨੀਅਨ ਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਗੱਲਬਾਤ ਵਿੱਚ ਮੁੜ ਆਈ ਖੜੋਤ



ਓਨਟਾਰੀਓ, 19 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਐਜੂਕੇਸ਼ਨਲ ਸਪੋਰਟ ਸਟਾਫ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਗੱਲਬਾਤ ਵਿੱਚ ਇੱਕ ਵਾਰੀ ਫਿਰ ਖੜੋਤ ਆ ਗਈ ਹੈ। ਪਰ ਗੱਲਬਾਤ ਨੂੰ ਜਾਰੀ ਰੱਖਣ ਲਈ ਨਵੀਂ ਤਰੀਕ ਮਿਥ ਲਈ ਗਈ ਹੈ। ਓਨਟਾਰੀਓ ਵਿੱਚ 55,000 ਦੇ ਨੇੜੇ ਤੇੜੇ ਐਜੂਕੇਸ਼ਨ ਵਰਕਰਜ਼, ਜਿਨ੍ਹਾਂ ਵਿੱਚ ਕਸਟੋਡੀਅਨਜ਼, ਅਰਲੀ ਚਾਈਲਡਹੁੱਡ ਐਜੂਕੇਟਰਜ਼ ਤੇ ਐਡਮਨਿਸਟ੍ਰੇਸ਼ਨ ਸਟਾਫ ਸ਼ਾਮਲ ਹਨ, 3 ਨਵੰਬਰ ਨੂੰ ਉਸ ਸੂਰਤ ਵਿੱਚ ਕਾਨੂੰਨੀ ਤੌਰ ਉੱਤੇ ਹੜਤਾਲ ਕਰਨ ਦੀ ਸਥਿਤੀ ਵਿੱਚ ਹੋਣਗੇ ਜੇ ਦੋਵੇਂ ਧਿਰਾਂ ਵਿਚਾਲੇ ਡੀਲ ਸਿਰੇ ਨਹੀਂ ਚੜ੍ਹਦੀ। ਇਸ ਦੌਰਾਨ ਵਿਚੋਲੇ ਦੀ ਮਦਦ ਨਾਲ ਗੱਲਬਾਤ ਮੁੜ ਪਹਿਲੀ ਨਵੰਬਰ ਤੋਂ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ ਹੈ।

## ਛੁਰੇਬਾਜ਼ੀ ਵਿੱਚ ਮਹਿਲਾ ਜ਼ਖ਼ਮੀ

ਟੋਰਾਂਟੋ, 19 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਟੋਰਾਂਟੋ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੈ।

ਵੁੱਡਬਾਈਨ ਐਵਨਿਊ ਦੇ ਪੂਰਬ ਵਿੱਚ ਡੈਨਫੋਰਥ ਐਵਨਿਊ ਤੇ ਪੈਟ੍ਰਿਸ਼ੀਆ ਡਰਾਈਵ ਉੱਤੇ ਸਥਿਤ ਗੈਸ ਸਟੇਸ਼ਨ ਉੱਤੇ ਸਵੇਰੇ 4:42 ਉੱਤੇ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਇੱਕ ਮਹਿਲਾ ਗੰਭੀਰ ਰੂਪ ਵੀ ਜ਼ਖ਼ਮੀ ਹਾਲਤ ਵਿੱਚ ਮਿਲੀ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਤਕਰਾਰ ਤੋਂ ਬਾਅਦ ਵਾਪਰੀ। ਪੁਲਿਸ ਇੱਕ ਮਸ਼ਕੂਕ ਦੀ ਭਾਲ ਕਰ ਰਹੀ ਹੈ ਜਿਸ ਦਾ ਕੱਦ ਪੰਜ ਫੁੱਟ ਦਸ ਇੰਚ ਹੈ ਜਿਸਦੇ ਗੂੜ੍ਹੇ ਰੰਗ ਦੇ ਕੱਪੜੇ ਪਾਏ ਹੋਏ ਸਨ।

ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਲਈ ਡੈਨਫੋਰਥ ਐਵਨਿਊ ਨੂੰ ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ।

# 'ਟੀ.ਸੀ.ਐੱਸ. ਵਾਟਰਫ਼ਰੰਟ ਮੈਰਾਥਨ' ਵਿਚ ਟੀ.ਪੀ.ਏ.ਆਰ ਕਲੱਬ ਦੇ ਕਈ ਮੈਂਬਰਾਂ ਨੇ ਲਿਆ ਹਿੱਸਾ

## ਧਿਆਨ ਸਿੰਘ ਸੋਹਲ, ਕਰਮਜੀਤ ਖੰਗੂਰਾ, ਕੁਲਦੀਪ ਗਰੇਵਾਲ, ਮਨਜੀਤ ਨੋਟਾ ਤੇ ਨਿਰਮਲ ਗਿੱਲ ਦੌੜੇ ਹਾਫ਼-ਮੈਰਾਥਨ



ਟੋਰਾਂਟੋ, (ਡਾ. ਝੰਡ) -ਲੰਘੇ ਐਤਵਾਰ 16 ਅਕਤੂਬਰ ਨੂੰ ਟੋਰਾਂਟੋ ਡਾਊਨ ਟਾਊਨ ਵਿਚ ਇਸ ਵਾਰ ਟਾਟਾ ਕਨਸਲਟੈਂਸੀ ਸਰਵਿਸਿਜ਼ ਵੱਲੋਂ ਸਪਾਂਸਰ ਕੀਤੀ ਗਈ 'ਟੀ.ਸੀ.ਐੱਸ. ਵਾਟਰਫ਼ਰੰਟ ਮੈਰਾਥਨ ਵਿਚ ਬਰੈਂਪਟਨ ਦੀ ਟੀ.ਪੀ.ਏ.ਆਰ. ਕਲੱਬ ਦੇ ਕਈ ਮੈਂਬਰਾਂ ਵੱਲੋਂ ਬੜੇ ਉਤਸ਼ਾਹ ਨਾਲ ਭਾਗ ਲਿਆ ਗਿਆ। ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਛਲੇ ਸਾਲਾਂ ਦੌਰਾ ਟੋਰਾਂਟੋ ਡਾਊਨ ਵਿਚ ਇਹ ਮੈਰਾਥਨ ਦੌੜ ਹਰ ਸਾਲ ਅਕਤੂਬਰ ਮਹੀਨੇ ਸਕੋਸ਼ੀਆ ਬੈਂਕ ਵੱਲੋਂ ਕਰਵਾਈ ਜਾਂਦੀ ਰਹੀ ਹੈ ਜਿਸ ਵਿਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰ ਵੱਡੀ ਗਿਣਤੀ ਵਿਚ ਭਾਗ ਲੈਂਦੇ ਰਹੇ ਹਨ ਅਤੇ ਉਹ ਸਮੂਹਿਕ ਰੂਪ ਵਿਚ ਬੱਸ ਵਿਚ ਸਵਾਰ ਹੋ ਕੇ ਟੋਰਾਂਟੋ ਡਾਊਨ ਟਾਊਨ ਜਾਂਦੇ ਰਹੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਦੌੜਾਕ ਇਸ ਦੌੜ ਵਿਚ ਹਿੱਸਾ ਲੈਂਦੇ ਰਹੇ ਹਨ ਅਤੇ ਦਰਸ਼ਕ ਇਸ ਨੂੰ ਖ਼ੂਬ ਮਾਣਦੇ ਰਹੇ ਹਨ। 2019 ਵਿਚ ਇਸ ਦੌੜ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ 30,000 ਦੇ ਲੱਗਭੱਗ ਦੱਸੀ ਗਈ ਸੀ। ਸੰਸਾਰ-ਭਰ ਵਿਚ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਪਿਛਲੇ ਦੋ ਸਾਲ 2020 ਅਤੇ 2021 ਵਿਚ ਅੰਤਰਰਾਸ਼ਟਰੀ ਪੱਧਰ ਦੀ ਇਹ ਵੱਕਾਰੀ ਦੌੜ ਨਹੀਂ ਕਰਵਾਈ ਜਾ ਸਕੀ।

ਇਸ ਸਾਲ ਇਹ ਮੈਰਾਥਨ ਦੌੜ ਕੰਪਿਊਟਰ ਦੇ ਆਈ.ਟੀ. ਖ਼ੇਤਰ ਵਿਚ ਨਾਮਵਰ ਕੰਪਨੀ ਟਾਟਾ ਕਨਸਲਟੈਂਸੀ ਸਰਵਿਸਿਜ਼ ਵੱਲੋਂ ਕਰਵਾਈ ਗਈ। ਦੌੜ ਦੀ ਸ਼ੁਰੂਆਤ ਟੋਰਾਂਟੋ ਡਾਊਨ ਟਾਊਨ ਵਿਚ ਯੂਨੀਵਰਸਿਟੀ ਐਵੀਨਿਊ ਤੋਂ ਹੋਈ ਅਤੇ ਇਸ ਦੀ ਸੰਪੂਰਨਤਾ ਨੇਥਨ ਫ਼ਿਲਿਪਸ ਪਾਰਕ ਨੇੜੇ ਬਣੇ 'ਫ਼ਿਨਿਸ਼-ਪੋਆਇੰਟ' 'ਤੇ ਹੋਈ। ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਧਿਆਨ ਸਿੰਘ ਸੋਹਨ, ਕਰਮਜੀਤ ਖੰਗੂਰਾ, ਕੁਲਦੀਪ ਗਰੇਵਾਲ, ਨਿਰਮਲ ਗਿੱਲ ਅਤੇ ਮਨਜੀਤ ਨੋਟਾ ਵੱਲੋਂ ਇਸ ਦੌਰਾਨ ਹਾਫ਼-ਮੈਰਾਥਨ ਵਿਚ ਭਾਗ ਲਿਆ ਗਿਆ। ਬਰੈਂਪਟਨ ਤੋਂ ਮਨਜੀਤ ਨੋਟਾ ਦੇ ਦੋਸਤ ਜਸਵਿੰਦਰ ਧਾਲੀਵਾਲ ਵੀ ਇਸ ਹਾਫ਼-ਮੈਰਾਥਨ ਈਵੈਂਟ ਵਿਚ ਸ਼ਾਮਲ ਹੋਏ। ਪ੍ਰਾਪਤ ਜਾਣਕਾਰੀ ਅਨੁਸਾਰ ਕਰਮਜੀਤ ਖੰਗੂਰਾ ਨੇ ਹਾਫ਼ ਮੈਰਾਥਨ ਇਕ ਘੰਟਾ 48 ਮਿੰਟ 10 ਸਕਿੰਟ, ਧਿਆਨ ਸਿੰਘ ਸੋਹਲ ਨੇ ਇਕ ਘੰਟਾ 48 ਮਿੰਟ 26 ਸਕਿੰਟ, ਜਸਵਿੰਦਰ ਧਾਲੀਵਾਲ ਨੇ ਇਕ ਘੰਟਾ 59 ਮਿੰਟ 44 ਸਕਿੰਟ, ਨਿਰਮਲ ਗਿੱਲ ਨੇ 2 ਘੰਟੇ 6 ਮਿੰਟ 15 ਸਕਿੰਟ, ਮਨਜੀਤ ਨੋਟਾ ਨੇ 2 ਘੰਟੇ 18 ਮਿੰਟ 36 ਸਕਿੰਟ ਅਤੇ ਕੁਲਦੀਪ ਗਰੇਵਾਲ ਨੇ 2 ਘੰਟੇ 20 ਮਿੰਟ 29 ਸਕਿੰਟ ਵਿਚ ਸਫ਼ਲਤਾ ਪੂਰਵਕ ਸੰਪੰਨ ਕੀਤੀ। ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਮੈਂਬਰਾਂ ਵੱਲੋਂ ਇਨ੍ਹਾਂ ਦੌੜਾਕਾਂ ਨੂੰ ਮੁਬਾਰਕਬਾਦ ਪੇਸ਼ ਕੀਤੀ ਗਈ।




ਇਸ ਦੌੜ ਦੇ ਹੋਰ ਵੇਰਵਿਆਂ ਦਾ ਬਹੁਤਾ ਪਤਾ ਨਹੀਂ ਲੱਗ ਸਕਿਆ। ਅਲਬੱਤਾ! ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਇਸ ਵਾਰ ਇਸ ਦੌੜ ਵਿਚ ਸ਼ਾਮਲ ਹੋਣ ਵਾਲੇ ਦੌੜਾਕਾਂ ਦੀ ਗਿਣਤੀ ਓਨੀ ਨਹੀਂ ਸੀ ਜਿਵੇਂ ਕਿ ਪਹਿਲਾਂ ਹੋਇਆ ਕਰਦੀ ਹੈ। ਇਸ ਦਾ ਕਾਰਨ ਸ਼ਾਇਦ ਕਰੋਨਾ ਦੇ ਕਾਰਨ ਦੋ ਸਾਲ ਦਾ 'ਗੈਪ', ਇਸ ਦੇ ਸਪਾਂਸਰ ਦਾ ਬਦਲਣਾ, ਇਸ ਈਵੈਂਟ ਲਈ ਲੋੜੀਂਦੇ ਪ੍ਰਚਾਰ ਦੀ ਘਾਟ, ਪ੍ਰਬੰਧਕੀ ਮੁਸ਼ਕਲਾਂ ਜਾਂ ਫਿਰ ਇਸ ਦੇ ਲਈ ਰਜਿਸਟ੍ਰੇਸ਼ਨ ਫ਼ੀਸ ਵਿਚ ਕੀਤਾ ਗਿਆ ਵਾਧਾ ਹੋਵੇ। ਖ਼ੈਰ ਜੋ ਵੀ ਹੋਵੇ, ਪਰ ਜੇਕਰ ਇਹ ਕਾਰਨ ਰਜਿਸਟ੍ਰੇਸ਼ਨ ਫ਼ੀਸ ਵਿਚ ਵਾਧਾ ਹੈ ਤਾਂ ਇਹ ਇਸ ਈਵੈਂਟ ਦੇ ਲਈ ਸ਼ੁਭ-ਸੰਕੇਤ ਨਹੀਂ ਹੈ। ਅਜਿਹੇ ਈਵੈਂਟ ਕਮਾਈ ਲਈ ਨਹੀਂ ਕਰਵਾਏ ਜਾਂਦੇ ਸਗੋਂ ਇਹ ਤਾਂ ਲੋਕਾਂ ਵਿਚ ਸਿਹਤ ਸਬੰਧੀ ਜਾਗਰੂਕਤਾ ਫ਼ੈਲਾਉਣ ਅਤੇ ਉਨ੍ਹਾਂ ਦੇ ਮਨੋਰੰਜਨ ਲਈ ਹੀ ਆਯੋਜਿਤ ਕੀਤੇ ਜਾਂਦੇ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਤੇ ਕੈਨੇਡੀਅਨ ਪੰਜਾਬੀ ਕੌਂਸਲ ਨੇ ਬਰਲਿੰਗਟਨ 'ਚ ਕਰਵਾਇਆ ਕਵੀ-ਦਰਬਾਰ

## ਭਾਰਤ ਤੋਂ ਆਏ ਉੱਘੇ ਗ਼ਜ਼ਲਗੋ ਗੁਰਦਿਆਲ ਰੌਸ਼ਨ, ਅੰਜੁਮ ਲੁਧਿਆਣਵੀ ਤੇ ਵਰਿਆਮ ਮਸਤ ਨੇ ਕੀਤੀ ਸ਼ਿਰਕਤ

ਬਰੈਂਪਟਨ, (ਡਾ. ਝੰਡ)- ਬਰੈਂਪਟਨ ਵਿਚ ਪਿਛਲੇ ਗਿਆਰਾਂ ਸਾਲ ਤੋਂ ਸਰਗ਼ਰਮ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅਤੇ ਬਰਲਿੰਗਟਨ ਵਿਚ ਨਵ-ਗਠਿਤ ਕੈਨੇਡੀਅਨ ਪੰਜਾਬੀ ਕੌਂਸਲ ਵੱਲੋਂ ਮਿਲ ਕੇ ਲੰਘੇ ਸ਼ਨੀਵਾਰ 15 ਅਕਤੂਬਰ ਨੂੰ ਗੁਰੂ ਨਾਨਕ ਦੇਵ ਜੀ ਦੇ 553'ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਦੂਸਰਾ ਕਵੀ-ਦਰਬਾਰ ਬਰਲਿੰਗਟਨ ਵਿਖੇ ਕਰਵਾਇਆ ਗਿਆ। ਇਸ ਤੋਂ ਪਹਿਲਾਂ ਜੁਲਾਈ 2019 ਵਿਚ ਓਕਵਿਲ ਵਿਚ ਅਜਿਹਾ ਕਵੀ-ਦਰਬਾਰ ਕਰਵਾਇਆ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ 553'ਵੇਂ ਪ੍ਰਕਾਸ਼-ਪੁਰਬ ਨੂੰ ਸਮੱਰਿਪਤ ਇਹ ਕਵੀ-ਦਰਬਾਰ ਸਮਾਗ਼ਮ ਬਰਲਿੰਗਟਨ ਦੇ 1377 ਵੱਾਕਰ ਲਾਈਨ ਸਥਿਤ ਫ਼ੈਲੋਸ਼ਿਪ ਹਾਲ ਵਿਚ ਬਾਅਦ ਦੁਪਹਿਰ 2.30 ਵਜੇ ਆਰੰਭ ਹੋਇਆ ਅਤੇ ਸ਼ਾਮ ਦੇ ਛੇ ਵਜੇ ਤੱਕ ਚੱਲਦਾ ਰਿਹਾ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਭਾਰਤ ਤੋਂ ਆਏ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ, ਅੰਜੁਮ ਲੁਧਿਆਣਵੀ ਤੇ ਵਰਿਆਮ ਮਸਤ ਦੇ ਨਾਲ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਕੈਨੇਡੀਅਨ ਪੰਜਾਬੀ ਕੌਂਸਲ ਵੱਲੋਂ ਡਾ. ਪਰਗਟ ਸਿੰਘ ਬੱਗਾ ਸੁਸ਼ੋਭਿਤ ਸਨ।

ਸਮਾਗ਼ਮ ਵਿਚ ਆਏ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਸਮਾਗ਼ਮ ਦੀ ਸ਼ੁਰੂਆਤ ਮੰਚ ਸੰਚਾਲਕ ਤਲਵਿੰਦਰ ਮੰਡ ਵੱਲੋਂ ਬਰੈਂਪਟਨ ਦੇ ਸੁਰੀਲੇ ਗਾਇਕ ਇਕਬਾਲ ਬਰਾੜ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਸਾਰੇ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਂਦੀ ਮਹਾਨ ਆਰਤੀ 'ਗਗਨ ਮਹਿ ਥਾਲ ਰਵਿ ਚੰਦ ਦੀਪਕ ਬਨੇ' ਨਾਲ ਕਰਵਾਈ ਗਈ। ਉਪਰੰਤ, ਉੱਘੇ ਵਿਦ-ਵਾਨ ਪੂਰਨ ਸਿੰਘ ਪਾਂਧੀ ਵੱਲੋਂ ਗੁਰੂ ਸਾਹਿਬ ਦੇ ਮਹਾਨ ਉਪਦੇਸ਼ਾਂ ਅਤੇ ਉਨ੍ਹਾਂ ਦੀਆਂ ਮਨੁੱਖਤਾ ਦੇ ਲਈ ਅਨਮੋਲ ਸਿੱਖਿਆਵਾਂ ਬਾਰੇ ਬੜੇ ਭਾਵਪੂਰਤ ਸ਼ਬਦਾਂ ਵਿਚ ਚਾਨਣਾ ਪਾਇਆ ਗਿਆ।







ਇਸ ਦੇ ਨਾਲ ਮੰਚ-ਸੰਚਾਲਕ ਵੱਲੋਂ ਸੱਭ ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਸ਼ਾਇਰ ਮਕਸੂਦ ਚੌਧਰੀ ਨੂੰ ਆਪਣਾ ਕਲਾਮ ਪੇਸ਼ ਕਰਨ ਲਈ ਕਿਹਾ ਗਿਆ ਅਤੇ ਫਿਰ ਵਾਰੋ-ਵਾਰੀ ਪੈਰਿਸ ਤੋਂ ਆਏ ਰਜਿੰਦਰ ਸਿੰਘ, ਲਹਿੰਦੇ ਪੰਜਾਬ ਦੇ ਮਸ਼ਹੂਰ ਵਕੀਲ ਸਮੀਉੱਲਾਹ ਖ਼ਾਨ, ਪੰਜਾਬ ਯੂਨੀਵਰਸਿਟੀ ਲਾਹੌਰ ਦੇ ਸਾਬਕਾ ਪ੍ਰੋਫ਼ੈਸਰ ਆਸ਼ਿਕ ਰਹੀਲ, ਲਾਹੌਰ ਤੋਂ ਸ਼ਬਨਮ ਜ਼ਫ਼ਰ, ਬਰੈਂਪਟਨ ਤੋਂ ਜਗਮੋਹਨ ਸੰਘਾ, ਸੁਖਦੇਵ ਝੰਡ, ਉੱਘੇ ਗ਼ਜ਼ਲਗੋ ਭੁਪਿੰਦਰ ਦੁਲੇ, ਹਰਦਿਆਲ ਝੀਤਾ, ਮਹਿੰਦਰਪਾਲ ਸਿੰਘ, ਪਰਮਜੀਤ ਢਿੱਲੋਂ, ਸੰਜੀਵ ਕਾਫ਼ਿਰ, ਹੀਰਾ ਸਿੰਘ ਹੰਸਪਾਲ, ਪ੍ਰਿੰ. ਗਿਆਨ ਸਿੰਘ ਘਈ, ਗਿਆਨ ਸਿੰਘ ਦਰਦੀ, ਪ੍ਰਿਤਪਾਲ ਸਿੰਘ ਚੱਗਰ, ਈਸ਼ਰ ਸਿੰਘ, ਮੇਜਰ ਸਿੰਘ ਨਾਗਰਾ, ਰੂਬੀ ਕਰਤਾਰਪੁਰੀ, ਸੁੰਦਰਪਾਲ ਰਾਜਾਸਾਂਸੀ ਅਤੇ ਇਨ੍ਹਾਂ ਦੇ ਵਿਚਾਲੇ ਬਰਲਿੰਗਟਨ ਤੇ ਹੋਰ ਸ਼ਹਿਰਾਂ ਤੋਂ ਆਏ ਕਵੀ-ਕਵਿੱਤਰੀਆਂ ਜਰਨੈਲ ਮੱਲ੍ਹੀ, ਬਰਿੰਦਰਪਾਲ, ਅਜੀਤ ਹਿਰਖ਼ੀ, ਰਣਜੀਤ ਕੌਰ ਅਰੋੜਾ, ਰਾਜ ਗੁਪਤਾ, ਜਸਪਾਲ ਸਿੰਘ ਦਸੂਵੀ, ਨਿਰਵੈਰ ਸਿੰਘ ਅਰੋੜਾ, ਕੇਵਲ ਸਿੰਘ ਜੰਡੂ, ਨਿਰਮਲ ਜਸਵਾਲ ਤੇ ਕਈ ਹੋਰਨਾਂ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਸਾਂਝੀਆਂ ਕੀਤੀਆਂ। ਇਨ੍ਹਾਂ ਤੋਂ ਇਲਾਵਾ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਰਪ੍ਰਸਤ ਬਲਰਾਜ ਚੀਮਾਂ ਵੱਲੋਂ ਇਸ ਕਵੀ-ਦਰਬਾਰ ਦੀ ਗਿਣਾਤਮਿਕ ਤੇ ਗੁਣਾਤਮਿਕ ਪੱਖੋਂ ਭਾਰੀ ਸਫ਼ਲਤਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ।

ਪ੍ਰਧਾਨਗੀ-ਮੰਡਲ ਵਿਚੋਂ ਉੱਘੇ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੇ ਪੰਜਾਬੀ ਵਿਚ ਲਿਖੀ ਜਾ ਰਹੀ ਗ਼ਜ਼ਲ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿੱਥੇ ਪਹਿਲੀ ਪੀੜ੍ਹੀ ਦੇ ਉਸਤਾਦ ਗ਼ਜ਼ਲਗੋਆਂ ਨੇ ਆਪਣੀਆਂ ਸ਼ਾਨਦਾਰ ਗ਼ਜ਼ਲਾਂ ਨਾਲ ਸਾਨੂੰ ਸਰਸ਼ਾਰ ਕੀਤਾ ਹੈ, ਉੱਥੇ ਅੱਜਕੱਲ੍ਹ ਕਈ ਨਵੇਂ ਗ਼ਜ਼ਲਗੋ ਵੀ ਬਹੁਤ ਵਧੀਆ ਗ਼ਜ਼ਲਾਂ ਲਿਖ ਰਹੇ ਹਨ। ਉਨ੍ਹਾਂ ਆਪਣੀਆਂ ਗ਼ਜ਼ਲਾਂ ਦੇ ਕਈ ਸ਼ਿਅਰ ਅਤੇ ਇਕ ਮਜ਼ਾਹੀਆ ਗ਼ਜ਼ਲ ਵੀ ਸਰੋਤਿਆਂ ਨਾਲ ਸਾਂਝੀ ਕੀਤੀ। ਅੰਜੁਮ ਲੁਧਿਆਣਵੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਕਵਿਤਾ ਵਿਚ ਸੰਖੇਪਤਾ ਹੋਣੀ ਜ਼ਰੂਰੀ ਹੈ, ਕਿਉਂਕ ਲੰਮੀ ਕਵਿਤਾ ਨਾਲ ਸਰੋਤੇ ਉਕਤਾ ਜਾਂਦੇ ਹਨ। ਗ਼ਜ਼ਲ ਦੇ ਬਾਰੇ ਵਿਚਾਰ ਸਾਂਝੇ ਕਰਦਿਆਂ ਉਨ੍ਹਾਂ ਸਵਰਗਵਾਸੀ ਗਾਇਕ ਜਗਜੀਤ ਸਿੰਘ ਬਾਰੇ ਆਪਣੀ ਇਕ ਗ਼ਜ਼ਲ ਸੁਣਾਈ। ਵਰਿਆਮ ਮਸਤ ਨੇ ਨਾਟਕਕਾਰ ਬਲਵੰਤ ਗਾਰਗੀ, ਸ਼ਿਵ ਕੁਮਾਰ ਬਟਾਲਵੀ ਅਤੇ ਕਈ ਹੋਰ ਸਾਹਿਤਕਾਰਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੀ ਗ਼ਜ਼ਲ ਦੇ ਕੁਝ ਸ਼ਿਅਰ ਤਰੰਨਮ ਵਿਚ ਸੁਣਾਏ। ਕਰਨ ਅਜਾਇਬ ਸੰਘਾ ਨੇ ਆਪਣੀ ਕਵਿਤਾ ਵਿਚ ਗੁਰੂ ਨਾਨਕ ਦੇਵ ਜੀ ਦੇ ਬਾਰੇ ਅਜੋਕੇ ਵਿਚਾਰ ਪੇਸ਼ ਕੀਤੇ ਅਤੇ ਡਾ. ਪਰਗਟ ਸਿੰਘ ਬੱਗਾ ਨੇ ਆਪਣੀ ਕਵਿਤਾ ਵਿਚ ਦਸਤਾਰ ਦੀ ਮਹਾਨਤਾ ਨੂੰ ਬਾਖ਼ੂਬੀ ਦਰਸਾਇਆ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਆਏ ਮਹਿਮਾਨਾਂ ਦਾ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਹਾਰਦਿਕ ਧੰਨਵਾਦ ਕੀਤਾ ਗਿਆ। ਲੰਮਾਂ ਸਮਾਂ ਚੱਲੇ ਮੰਚ-ਸੰਚਾਲਨ ਦੀ ਅਹਿਮ ਜ਼ਿੰਮੇਵਾਰੀ ਨਿਭਾਉਣ ਵਿਚ ਪਰਮਜੀਤ ਢਿੱਲੋਂ ਵੱਲੋਂ ਤਲਵਿੰਦਰ ਮੰਡ ਦਾ ਬਾਖ਼ੂਬੀ ਸਾਥ ਦਿੱਤਾ ਗਿਆ।

ਸਮਾਗ਼ਮ ਵਿਚ ਉਚੇਚੇ ਤੌਰ 'ਤੇ ਆਏ ਉੱਘੇ ਖੇਡ-ਲੇਖਕ ਪ੍ਰਿੰ. ਸਰਵਣ ਸਿੰਘ, ਪ੍ਰੋ. ਰਾਮ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਉੱਘੇ ਸਮਾਜ-ਸੇਵੀ ਗੁਰਦੇਵ ਸਿੰਘ ਮਾਨ, ਬਰਲਿੰਗਟਨ ਖ਼ੇਤਰ ਵਿਚ 'ਕੁਕੰਬਰ-ਕਿੰਗ' ਵਜੋਂ ਜਾਣੇ ਜਾਂਦੇ ਡਾ. ਬੱਗਾ ਦੇ ਖ਼ਾਸ ਦੋਸਤ ਪਰਮਜੀਤ ਸਿੰਘ ਮਿਨ-ਹਾਸ, ਕੈਪਟਨ ਬਲਬੀਰ ਸਿੰਘ ਭੱਟੀ, ਗੁਰਿੰਦਰ ਸਿੰਘ ਮੱਲ੍ਹੀ, ਰਿਆਲਟਰ ਇੰਦਰਜੀਤ ਸਿੰਘ ਸੋਹਲ, 'ਵੀਟੋ ਪੀਜ਼ਾ' ਦੇ ਜਸਵਿੰਦਰ ਸਿੰਘ (ਓਕਵਿਲ) ਅਤੇ ਨਿਆਗਰਾ ਫ਼ਾਲਜ਼ ਵਿਚ 'ਹੋਲੀਡੇਅ ਇੰਨ' ਦੇ ਮਾਲਕ ਜੋਗਾ ਸਿੰਘ ਬੱਸੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਸਮਾਗ਼ਮ ਸਬੰਧੀ ਹੋਰ ਜਾਣਕਾਰੀ ਹਾਸਲ ਕਰਨ ਲਈ ਡਾ. ਪਰਗਟ ਸਿੰਘ ਬੱਗਾ (905-531-8901), ਜਰਨੈਲ ਸਿੰਘ ਮੱਲ੍ਹੀ (905-399-7799) ਜਾਂ ਤਲਵਿੰਦਰ ਸਿੰਘ ਮੰਡ (416-904-3500) ਨੂੰ ਸੰਪਰਕ ਕੀਤਾ ਜਾ ਸਕਦਾ ਹੈ।













# "ਅਫ਼ਸਪਾ" ਕਿਉਂ ਵਾਪਸ ਹੋਣਾ ਚਾਹੀਦਾ ?



ਜਗਦੀਸ਼ ਸਿੰਘ ਚੋਹਕਾ
001-403-285-4208,
9217997445

"ਨਾਗਾਲੈਂਡ ਫਰੇਮਵਰਕ ਐਗਰੀਮੈਂਟ ਜਿਸ ਦਾ ਵਿਸ਼ਾ ਵਸਤੂ ਅਜੇ ਤੀਕ ਭਾਵੇਂ ਸਰਵਜਨਕ ਨਹੀਂ ਕੀਤਾ ਗਿਆ ਹੈ। ਸਗੋਂ ਯੋਜਨਾ ਕਮਿਸ਼ਨ ਦੇ ਭੰਗ ਕਰਨ ਬਾਅਦ, 'ਉਤਰ ਪੂਰਬੀ ਰਾਜਾਂ ਵਾਸਤੇ ਦਸ-ਫ਼ੀਸਦੀ ਵਿਕਾਸ ਫੰਡਾਂ ਨੂੰ ਰਿਜ਼ਰਵ ਕਰਨਾ ਬੰਦ ਹੋ ਜਾਣ ਕਰਕੇ ਇਸ ਖੇਤਰ ਦਾ ਸਮੁੱਚਾ ਵਿਕਾਸ, ਬੁਰੀ ਤਰਾਂ ਪ੍ਰਭਾਵਿਤ ਹੋ ਰਿਹਾ ਹੈ। ਪਹਿਲਾਂਲਾ ਹੀ ਇਸ ਇਲਾਕੇ ਅੰਦਰ 'ਅਫ਼ਸਪਾ' (ਅਢਸ਼ਫਅ-1958) ਕਾਨੂੰਨ ਲੱਗਾ ਹੋਇਆ ਹੈ। ਹੁਣ ਮੋਦੀ ਸਰਕਾਰ ਦੇ ਏਕਾ ਅਧਿਕਾਰਵਾਦੀ ਕਦਮਾਂ ਕਾਰਨ ਲੋਕਾਂ ਵੱਲੋਂ ਥੋੜਾ ਜਿਹਾ ਹੀ ਜ਼ਮਹੂਰੀ ਹੱਕਾਂ ਲਈ ਆਵਾਜ ਉਠਾਉਣ ਕਰਕੇ ਉਨਾਂ ਨੂੰ ਰਾਸ਼ਟਰ ਵਿਰੋਧੀ ਐਲਾਨਣਾਂ ਅਤੇ ਪਾਟਵੇਂ ਵਿਚਾਰਾਂ ਨੂੰ ਕੁਚਲਣ ਵਾਸਤੇ ਅਨਲਾਅਫਲ ਐਕਟੀਵਿਟੀਜ਼ ਪ੍ਰਵੈਨਸ਼ਨ ਐਕਟ' (ੂ.ਅ.ਫ.ਅ) ਅਤੇ ਦੇਸ਼ ਧਰੋਹ ਦੀਆਂ ਧਰਾਵਾਂ ਦੀ ਵਰਤੋਂ ਅਰੰਭ ਦਿੱਤੀ ਗਈ ਹੈ। ਅਜਿਹੇ ਹਾਲਾਤਾਂ ਨੇ ਨਾਗਾਲੈਂਡ ਅੰਦਰ ਚਿੰਤਾ ਅਤੇ ਤੌਖਲੇ ਭਰੀਆਂ ਹਾਲਾਤਾਂ ਨੂੰ ਹੁੰਗਾਰਾ ਦੇਣਾ ਲਾਜ਼ਮੀ ਹੈ। ਚਾਰ ਦਸੰਬਰ, 2021 ਨੂੰ ਸ਼ਾਮ ਦੇ 4.30 ਵਜੇ ਦੇ ਕਰੀਬ ਨਾਗਾਲੈਂਡ ਜ਼ਿਲਾ "ਮੌਨ" ਦੇ ਪਿੰਡ ਤੀਰੂ ਵਿੱਚ ਕੋਲੇ ਦੀ ਖਾਣ ਤੋਂ 8 ਕਾਮੇ ਇੱਕ ਪਿਕ-ਅੱਪ ਟਰੱਕ ਵਿੱਚ ਘਰ ਵਾਪਸ ਪਰਤ ਰਹੇ ਸਨ ਤਾਂ ਇੱਕ ਮੰਦਭਾਗੀ ਘਟਨਾ ਵਾਪਰ ਗਈ। ਉਨਾਂ ਉਤੇ ਅਚਾਨਕ ਸੁਰੱਖਿਆ ਬਲਾਂ ਦੇ ਕਰਮੀਆਂ ਨੇ ਫਾਇਰਿੰਗ ਕਰ ਦਿੱਤੀ, ਮੌਕੇ 'ਤੇ 6 ਲੋਕਾਂ ਦੀ ਮੌਤ ਹੋ ਗਈ ਤੇ ਦੋ ਗੰਭੀਰ ਜ਼ਖਮੀ ਹੋ ਗਏ।

ਗੋਲੀਆਂ ਦੀ ਆਵਾਜ਼ ਸੁਣ ਕੇ ਜਦੋਂ ਪਿੰਡ ਵਾਸੀ ਇਕੱਠੇ ਗਏ ਤੇ ਉਨਾਂ ਨੇ ਸੁਰੱਖਿਆ ਬਲਾਂ ਵੱਲੋਂ ਲਾਸ਼ਾਂ ਨੂੰ ਲਪੇਟਿਆ ਦੇਖਿਆ ਤਾਂ ਲੋਕ ਗੁੱਸੇ 'ਚ ਆ ਕੇ ਹਿੰਸਕ ਹੋ ਗਏ। ਉਨਾਂ ਨੇ ਤਿੰਨ ਵਾਹਨਾਂ ਨੂੰ ਅੱਗ ਲਾ ਦਿੱਤੀ ਤਾਂ ਮੌਕੇ 'ਤੇ ਸੁਰੱਖਿਆ ਬਲਾਂ ਨੇ ਮੁੜ ਗੋਲੀਆਂ ਚਲਾ ਦਿੱਤੀਆਂ। ਮੌਕੇ 'ਤੇ 7 ਹੋਰ ਲੋਕਾਂ ਦਾ ਵੀ ਮੌਤ ਹੋ ਗਈ। ਚਸ਼ਮਦੀਦਾਂ ਦੇ ਹਵਾਲੇ ਮੁਤਾਬਿਕ ਬਲਾਂ ਨੇ ਆਸਾਮ ਵੱਲ ਭੱਜੇ ਜਾਂਦੇ ਲੋਕਾਂ ਵੱਲ ਅੰਨੇਵਾਹ ਗੋਲੀਆਂ ਚਲਾਈਆਂ (ਪੀ. ਟੀ.ਆਈ.)। ਕੋਹਿਮਾ ਵਿਖੇ ਕਬਾਇਲੀ ਲੋਕਾਂ ਦੀ ਸਿਖਰਲੀ ਜੱਥੇਬੰਦੀ ਕੋਨਯਾਕ ਯੂਨੀਅਨ (ਕੇ.ਯੂ.) ਨੇ ਸੁਰੱਖਿਆ ਬਲਾ ਦੀ ਗੋਲੀਬਾਰੀ 'ਚ ਮਰਨ ਵਾਲੇ 14 ਆਮ ਲੋਕਾਂ ਦੀਆਂ ਹਤਿਆਵਾਂ 'ਤੇ ਰੋਸ ਪ੍ਰਗਟ ਕਰਦੇ ਹੋਏ ਬੰਦ ਰੱਖਿਆ। ਇਸ ਦੁਖਦਾਈ ਘਟਨਾ 'ਤੇ ਮਿਜੋਰਮ ਦੇ ਮੁੱਖ ਮੰਤਰੀ ਜ਼ੋਰਾਮਥਾਂਗਾ ਨੇ ਦੁੱਖ ਪ੍ਰਗਟ ਕਰਦੇ ਹੋਏ ਅਫ਼ਸਪਾ ਕਨੂੰਨ ਵਾਪਸ ਲੈਣ ਲਈ ਕਿਹਾ। ਨਾਗਾਲੈਂਡ ਦੇ ਮੁੱਖ ਮੰਤਰੀ ਨੇਫਿਊ ਰੀਓ ਦੀ ਅਗਵਾਈ 'ਚ ਕੈਬੀਨਿਟ ਨੇ ਇਸ ਘਟਨਾਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਫੌਜ ਦੀ ਇੰਟੈਲੀਜੈਂਸੀ ਦੀ ਨਾਕਾਮੀ ਹੈ। ਕੇਂਦਰੀ ਬੁਲਾਰੇ ਨੇ ਇਸ ਘਟਨਾ ਦੀ ਨਿੰਦਾ ਕਰਦੇ ਕਿਹਾ ਕਿ ਪਹਿਲਾਂ ਅਜਿਹਾ ਕਦੀ ਨਹੀਂ ਹੋਇਆ। ਜੇਕਰ ਨਾਗਾਲੈਂਡ ਦੇ ਮੁਖ ਮੰਤਰੀ ਦੀ ਮੰਗ ਮੁਤਾਬਿਕ "ਅਫ਼ਸਪਾ" ਵਾਪਸ ਲੈ ਲਿਆ ਤਾਂ ਹਥਿਆਰਬੰਦ ਬਲ ਕੰਮ ਨਹੀਂ ਕਰ ਸਕਣਗੇ ? ਕਿਉਂਕਿ ਉਨਾਂ ਪਾਸ ਨਾ ਕੋਈ ਪੁਲੀਸ ਸ਼ਕਤੀਆਂ ਹਨ ਤੇ ਨਾ ਹੀ ਸੁਰੱਖਿਆ ਹੈ।

ਨਾਗਾਲੈਂਡ ਦੇ ਮੌਨ ਜ਼ਿਲੇ 'ਚ ਹੋਈ ਗੋਲੀ ਵਾਰੀ ਕਰਨ ਤੋਂ ਪਹਿਲਾਂ ਫੌਜ ਨੇ ਟਰੱਕ ਸਵਾਰ ਲੋਕਾਂ ਦੀ ਪਛਾਣ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਅੰਨੇਵਾਹ ਗੋਲੀਵਾਰੀ 'ਚ 6 ਲੋਕ ਮਾਰੇ ਗਏ। ਸੂਬੇ ਦੀ ਪੁਲੀਸ ਦੇ ਪੁਲੀਸ ਡਾਇਰੈਕਟਰ ਜਨਰਲ ਜੌਨ ਲੌਨਗ ਕੁਮੇਰ ਅਤੇ ਕਮਿਸ਼ਨਰ ਰੋਵਿਲਾਟੂਓ ਦੀ ਸਾਂਝੀ ਰਿਪੋਰਟ ਜੋ ਚਸ਼ਮਦੀਦ ਹਵਾਲੇ ਸਮੇਤ ਹੈ ਨੇ ਕਿਹਾ ਕਿ ਪਿੰਡ ਵਾਸੀਆਂ ਨੇ ਦੇਖਿਆ ਕਿ ਫੌਜ ਦੇ ਵਿਸ਼ੇਸ਼ ਬਲ ਛੇ ਲੋਕਾਂ ਦੀਆਂ ਲਾਸ਼ਾਂ ਨੂੰ ਬੇਸ ਕੈਂਪ ਲਿਜਾਣ ਦੇ ਇਰਾਦੇ ਨਾਲ ਪਿਕ ਅੱਪ ਵੈਨ 'ਚ ਲਪੇਟ ਕੇ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਐਤਵਾਰ ਨੂੰ ਰਾਜ ਨੂੰ ਸੌਂਪੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 4 ਦਸੰਬਰ ਨੂੰ ਸ਼ਾਮ 4.30 ਵਜੇ ਦੇ ਕਰੀਬ 8 ਪਿੰਡ ਵਾਸੀ ਤੀਰੂ ਵਿੱਚ ਕੋਲੇ ਦੀਆਂ ਖਾਣਾਂ ਤੋਂ ਪਿੱਕ-ਅੱਪ ਟਰੱਕ ਵਿੱਚ ਘਰ ਪਰਤ ਰਹੇ ਸਨ। ਉਨਾਂ ਉਤੇ ਅਚਾਨਕ ਸੁਰੱਖਿਆ ਬਲਾਂ ਨੇ ਹਮਲਾ ਕਰ ਦਿੱਤਾ। ਆਸਾਮ ਦੀ ਸਥਿਤ 21-ਵੇਂ ਪੈਰਾ ਸਪੈਸ਼ਲ ਬਲ ਨੇ ਇਹ ਹਮਲਾ ਕੀਤਾ। ਉਨਾਂ ਨੇ ਲੋਕਾਂ ਦੀ ਪਛਾਣ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਕੇਂਦਰ ਨੇ ਕੋਰਟ ਆਫ਼ ਇਨਕੁਆਰੀ ਦੇ ਹੁਕਮ ਦੇ ਦਿੱਤੇ ਹਨ। ਇਸ ਘਟਨਾ ਵਿੱਚ 14 ਆਮ ਨਾਗਰਿਕਾਂ ਦੀ ਜਾਨ ਜਾਂਦੀ ਰਹੀ ਹੈ। ਕੀ ਇਸ ਘਟਨਾ ਬਾਅਦ ਲੋਕਾਂ ਦਾ ਸੁਰੱਖਿਆ ਬਲਾਂ ਨੂੰ ਦਿੱਤੇ ਸਪੈਸ਼ਲ ਅਧਿਕਾਰ "ਅਫ਼ਸਪਾ" ਵਿਰੁੱਧ ਧਿਆਨ ਸੇਧਿਤ ਨਹੀਂ ਹੋਵੇਗਾ ?

ਪਿਛਲੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਬਾਗੀ ਨਾਗਿਆ ਨਾਲ ਸਿਝਣ ਦੇ ਨਾਂ ਹੇਠ ਸੁਰੱਖਿਆ ਬਲਾਂ ਦੁਆਰਾ ਦਹਾਕਿਆਂ ਤੋਂ ਬਾਗੀਆਂ ਨੂੰ ਲੱਭ ਲੱਭ ਕੇ ਖ਼ਤਮ ਕਰਨ ਦੀਆਂ ਕਾਰਵਾਈਆਂ ਹੁੰਦੀਆਂ ਰਹੀਆਂ ਹਨ। ਕਈ ਵਾਰ ਇਸ ਕਾਰਵਾਈ ਵਿੱਚ ਸਮੁੱਚਾ ਪਿੰਡ ਅੱਗ ਦੀ ਭੇਟ ਕਰ ਦਿੱਤਾ ਜਾਂਦਾ ਸੀ। ਇਨਾਂ ਕਾਰਵਾਈਆਂ ਅੰਦਰ ਆਮ ਨਾਗਾ ਲੋਕ ਵੀ ਮਾਰੇ ਜਾਂਦੇ ਰਹੇ ਹਨ। ਇਹ ਵੀ ਸਪੱਸ਼ਟ ਹੈ ਕਿ ਇਹ ਸਿਲਸਿਲਾ ਪਿਛਲੇ 50-60 ਸਾਲਾਂ ਤੋਂ ਚੱਲ ਰਿਹਾ ਹੈ। ਪਰ ਅੱਜ ਤੱਕ ਕਿਸੇ ਵੀ ਅਧਿਕਾਰੀ ਜਾਂ ਸੁਰੱਖਿਆ ਬਲ ਦੇ ਮੁਲਾਜ਼ਮ ਨੂੰ ਦੋਸ਼ੀ ਸਾਬਤ ਹੋਣ ਦੇ ਬਾਅਦ ਵੀ ਕੋਈ ਸਜ਼ਾ ਨਹੀਂ ਦਿੱਤੀ ਗਈ ਹੈ। ਇਨਾਂ ਘਟਨਾਵਾਂ ਵਿੱਚ ਕਈ ਵਾਰ ਸੁਰੱਖਿਆ ਬਲ ਦੇ ਜਵਾਨ ਵੀ ਮਾਰੇ ਗਏ ਹਨ। ਉਤਰ ਪੂਰਬੀ ਰਾਜਾਂ ਮਨੀਪੁਰ, ਨਾਗਾਲੈਂਡ, ਮੇਘਾਲਿਆ, ਮਿਜ਼ੋਰਮ, ਤ੍ਰਿਪੁਰਾ, ਆਸਾਮ ਅੰਦਰ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਤੇ ਜ਼ਿਆਦਤੀਆਂ ਬਾਰੇ ਰਿਪੋਰਟਾਂ ਆਉਣ ਬਾਅਦ ਅੱਜ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਂਦੀ ਨਜ਼ਰ ਨਹੀਂ ਆਈ ਹੈ। ਨਾ ਹੀ ਕਿਸੇ ਨੇ ਇਨਾਂ ਰਿਪੋਰਟਾਂ 'ਤੇ ਕੋਈ ਕਾਰਵਾਈ ਵੀ ਕਰਨੀ ਹੈ। ਪਰ ਇਹ ਕਨੂੰਨ ਪੁਲਿਸ ਤੇ ਫੌਜੀ ਦਸਤਿਆਂ ਵੱਲੋਂ ਕਾਰਵਾਈ ਦੌਰਾਨ ਕੀਤੇ ਤਸ਼ੱਦਦ ਤੇ ਵਧੀਕੀਆਂ ਨੂੰ ਲੁਕਾਉਣ ਲਈ ਸਗੋਂ ਇੱਕ ਢਾਲ ਵਜੋਂ ਹੀ ਸਦਾ ਵਰਤਿਆ ਗਿਆ ਹੈ। ਦੇਸ਼ ਅੰਦਰ ਪਹਿਲਾ ਵੀ ਇਨਾਂ ਕਨੂੰਨਾਂ ਦਾ ਸਹਾਰਾ ਲਿਆ ਗਿਆ ਤੇ ਇਸ ਕੇਸ ਅੰਦਰ ਵੀ ਹੋਵੇਗਾ ?

ਆਜ਼ਾਦੀ ਪਿਛੋਂ ਦੇਸ਼ ਅੰਦਰ ਸਰਮਾਏਦਾਰ-ਜਗੀਰਦਾਰ ਪੱਖੀ ਨੀਤੀਆਂ ਲਾਗੂ ਕੀਤੇ ਜਾਣ ਕਰਕੇ ਰਾਸ਼ਟਰੀ ਏਕਤਾ ਦੇ ਸਵਾਲ ਸਬੰਧੀ ਸਮੱਸਿਆਵਾਂ ਤਿੱਖੀਆਂ ਹੁੰਦੀਆਂ ਗਈਆਂ ਹਨ। ਦੇਸ਼ ਦੇ ਉਤਰ-ਪੂਰਬ ਖੇਤਰ ਜਿਥੇ ਕਿ ਘੱਟ ਗਿਣਤੀ ਕੌਮੀਅਤ ਤੇ ਨਸਲੀ ਗਰੁੱਪਾਂ ਦਾ ਘਰ ਹੈ, ਪੂੰਜੀਵਾਦੀ ਵਿਕਾਸ ਵੱਲੋਂ ਪ੍ਰਫੁੱਲਤ ਕੀਤੇ ਅਸਾਵੇਂ ਵਿਕਾਸ ਅਤੇ ਖੇਤਰੀ ਅਸੰਤੁਲਨਾਂ ਤੋਂ ਸਭ ਤੋਂ ਵੱਧ ਨੁਕਸਾਨ ਉਠਾਇਆ ਹੈ। ਇਸਨੇ ਬੇਗਾਨਗੀ ਨੂੰ ਬੜਾਵਾ ਦੇ ਕੇ ਇੱਕ ਪਾਸੇ ਅੱਤਵਾਦੀ ਤੱਤਾਂ ਨੂੰ ਵੱਧਣ ਫੁੱਲਣ ਲਈ ਉਪਜਾਊ ਜ਼ਮੀਨ ਮੁਹੱਈਆਂ ਕੀਤੀ ਹੈ, ਜਿਹੜੇ ਕਿ ਵੱਖਵਾਦ ਦੀ ਵਕਾਲਤ ਕਰਦੇ ਹਨ ਅਤੇ ਦੂਜੇ ਪਾਸੇ ਇਨਾਂ ਨੂੰ ਸਾਮਰਾਜੀ ਏਜੰਸੀਆਂ ਇਸਤੇਮਾਲ ਕਰ ਰਹੀਆਂ ਹਨ। ਅੱਤਵਾਦੀਆਂ ਦੀਆਂ ਹਿੰਸਕ ਕਾਰਵਾਈਆਂ ਅਤੇ ਨਸਲੀ ਝਗੜੇ ਵਿਕਾਸ ਕੰਮਾਂ ਜਮਹੂਰੀ ਸਰਗਰਮੀਆਂ ਵਿੱਚ ਬਾਧਕ ਵੀ ਬਣ ਦੇ ਹਨ। ਜੰਮੂ ਤੇ ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਅਧੀਨ ਵਿਸ਼ੇਸ਼ ਦਰਜਾ ਅਤੇ ਖੁਦ ਮੁਖਤਿਆਰੀ ਦਿੱਤੀ ਗਈ ਸੀ। ਦਹਾਕਿਆਂ ਦੌਰਾਨ ਖੁੱਦ ਮੁੱਖਤਿਆਰੀ ਦੀਆਂ ਵਿਵਸਥਾਵਾਂ ਵਿੱਚ ਤਿਖੀ ਕਟੌਤੀ ਹੁੰਦੀ ਗਈ। ਰਾਜ ਅੰਦਰ ਲੋਕਾਂ ਦੀ ਬੇਗਾਨਗੀ ਵੱਧ ਗਈ। ਇਸ ਦਾ ਵੱਖਵਾਦੀ ਸ਼ਕਤੀਆਂ ਨੇ ਇਸਤੇਮਾਲ ਕੀਤਾ ਜਿਨਾਂ ਨੂੰ ਸਾਮਰ-ਾਜ ਦੀ ਸ਼ਹਿ ਮਿਲੀ।

ਉਤਰ-ਪੂਰਬ ਖੇਤਰ ਦੀਆਂ, ਨਾਲ ਹੀ ਕਸ਼ਮੀਰ ਦੀਆਂ ਵੀ ਸਮੱਸਿਆਵਾਂ ਉਸ ਅਸਫਲਤਾ ਦੀ ਮਿਸਾਲ ਹਨ, ਜਿਹੜੀ ਦੇਸ਼ ਦੀ ਸਰਮਾਏਦਾਰ ਜਾਗੀਰਦਾਰ ਜਮਾਤਾਂ ਨੇ ਰਾਸ਼ਟਰੀ ਏਕਤਾ ਦੇ ਮਹੱਤਵਪੂਰਨ ਮੁੱਦੇ ਵੱਲ ਜਮਹੂਰੀ ਢੰਗ ਨਾਲ ਮੁਖ਼ਾਤਬ ਹੋਣ ਵਿੱਚ ਤਾਂ ਦਿਖਾਈ ਹੈ। ਆਦਿਵਾਸੀ ਤੇ ਕਬਾਇਲੀ ਲੋਕ ਜਿਹੜੇ ਵਸੋਂ ਦਾ ਲਗਭਗ ਸੱਤ ਕਰੋੜ ਹਿੱਸਾ ਹਨ ਵਹਿਸ਼ੀ ਪੂੰਜੀਪਤੀ ਅਤੇ ਅਰਧ-ਜਗੀਰ ਸੋਸ਼ਣ ਦਾ ਸ਼ਿਕਾਰ ਹਨ। ਹਾਕਮਾਂ ਦੀ ਬੇਰੁਖੀ ਤੇ ਰਾਜਤੰਤਰ ਦੀ ਮਿਲੀ ਭੁਗਤ ਨੇ ਉਨਾਂ ਨੂੰ ਜ਼ਮੀਨਾਂ ਤੋਂ ਵਾਂਝੇ ਕੀਤਾ ਜਾਂਦਾ ਰਿਹਾ ਹੈ। ਬਣਦੇ ਅਧਿਕਾਰਾਂ ਤੋਂ ਇਨਕਾਰ, ਉਨਾਂ ਦੀਆਂ ਜ਼ਮੀਨਾਂ ਨੂੰ ਸਰਕਾਰਾਂ ਵੱਲੋਂ ਸਨਅਤਕਾਰਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਭਾਅ ਵੇਚ ਦੇਣਾ। ਆਦਿਵਾਸੀ ਅਤੇ ਕਬਾਇਲੀ ਲੋਕਾਂ ਦੀ ਇਹ ਵਣ-ਸੰਪਤੀ ਇੱਕ ਰੁਜ਼ਗਾਰ ਦਾ ਸਾਧਨ ਸੀ, ਖੁਸਣੇ ਸ਼ੁਰੂ ਹੋ ਗਏ। ਕਬਾਇਲੀ ਵੱਸੋਂ , ਭਾਸ਼ਾਵਾਂ ਤੇ ਸੱਭਿਆਚਾਰ 'ਤੇ ਵੀ ਬਾਹਰੀ ਹਮਲੇ ਹੋਣ ਕਾਰਨ ਉਨਾਂ ਦੀ ਬੋਲੀ, ਭਾਸ਼ਾ ਤੇ ਪਹਿਚਾਣ ਵੀ ਖਤਰੇ ਵਿੱਚ ਪੈਣ ਲੱਗ ਪਈ ਜੋ ਉਨਾਂ ਲੋਕਾਂ ਦੇ ਅਧਿਕਾਰਾਂ ਦੀ ਸੁਰੱਖਿਆ, ਖੇਤਰੀ ਖੁਦਮੁਖਤਿਆਰੀ ਜੋ ਇੱਕ ਜਮਹੂਰੀ ਤੇ ਨਿਆਂਪੂਰਨ ਮੰਗ ਸੀ। ਪਰ ਸਰਮਾਏਦਾਰਾਂ, ਜਗੀਰਦਾਰਾਂ ਤੇ ਠੇਕੇਦਾਰਾਂ ਦੀ ਜੁੰਡਲੀ ਉਨਾਂ ਕਬੀਲਿਆਂ ਦੀ ਭਾਰੂ ਲੀਡਰਸ਼ਿਪ ਨੂੰ ਕੁਝ ਕੁ ਰਿਆਇਤਾਂ ਦੇ ਕੇ ਉਨਾਂ ਦੀ ਰਵਾਇਤੀ ਇਕ ਮੁੱਠਤਾ ਨੂੰ ਤੋੜਨ 'ਚ ਰੁਝੀ ਰਹੀ। ਉਨਾਂ ਨੂੰ ਜਾਇਜ਼ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋਈਆਂ। ਸਗੋਂ ਰਾਜਤੰਤਰ ਦੀ ਮਿਲੀ ਭੁਗਤ ਨਾਲ ਚੇਤਨ ਹੋ ਰਹੇ ਲੋਕਾਂ ਨੂੰ ਦਬਾਉਣ ਲਈ ਵਹਿਸ਼ੀ ਰਾਹ ਅਪਣ-ਾਇਆ।

ਦੇਸ਼ ਦੀਆਂ ਹਾਕਮ ਜਮਾਤਾਂ ਨੇ ਆਪਣੇ ਹਿੱਤਾਂ ਨੂੰ ਵੱਧ ਤਰਜੀਹ ਦਿੰਦਿਆਂ ਦੇਸ਼ ਅੰਦਰ ਲੋਕ-ਹਿੱਤਾਂ, ਧਰਮ ਨਿਰਪੱਖਤਾ ਅਤੇ ਜਮਹੂਰੀਅਤ ਨੂੰ ਹੌਲੀ ਹੌਲੀ ਹਾਸ਼ੀਏ 'ਤੇ ਧੱਕ ਦਿੱਤਾ। ਦੇਸ਼ ਦੇ ਫੈਡਰਲ ਸੰਕਲਪ ਨੂੰ ਵੀ ਕੇਂਦਰੀਵਾਦ ਬਣਾ ਦਿੱਤਾ ਗਿਆ ਹੈ। ਬੀ ਜੇ ਪੀ ਨੇ ਤਾਂ ਫਿਰਕਾ ਪ੍ਰਸਤੀ ਤੇ ਫਾਸੀਵਾਦੀ ਆਰ ਐਸ ਐਸ ਸੋਚ ਨੂੰ ਦੇਸ਼ ਅੰਦਰ ਹੋਰ ਪ੍ਰਫੁਲਤ ਕੀਤਾ। ਜਿਸ ਨੇ ਘੱਟ ਗਿਣਤੀ ਲੋਕਾਂ ਅੰਦਰ ਬੇਗਾਨਗੀ ਤੇ ਅਸੁਰੱਖਿਆ ਨੂੰ ਜਨਮ ਦਿੱਤਾ। ਸਮਾਜਕ, ਆਰਥਿਕ ਅਤੇ ਰਾਜਨੀਤਕ ਪਿੜ ਅੰਦਰ ਅਨੇਕਾਂ ਤਰਾਂ ਦੇ ਪੈਦਾ ਹੋਏ ਸੰਕਟਾਂ ਨੇ ਗੰਭੀਰ ਖ਼ਤਰਿਆਂ ਨੂੰ ਸੱਦੇ ਦਿੱਤੇ ਸੀ ਤੇ ਪੰਜਾਬ ਦੇ ਹੱਕੀ ਅਤੇ ਬੁਨਿਆਦੀ ਮਸਲਿਆਂ ਨੂੰ ਲਟਕਾਈ ਜਾਣਾ ਤੇ ਹੱਲ ਨਾ ਕਰਨ ਕਰਕੇ, ਜੋ ਹਾਲਾਤ ਪੈਦਾ ਹੋਏ ਸਨ ਅਤੇ ਹਜ਼ਾਰਾਂ ਪੰਜਾਬੀਆਂ ਨੂੰ ਅਨਿਆਈ ਮੌਤ ਦੇ ਮੂੰਹ ਜਾਣਾ ਪਿਆ ਸੀ। ਉਸ ਤੋਂ ਹਾਕਮਾਂ ਨੇ ਅਜੇ ਕੋਈ ਸਬਕ ਨਹੀਂ ਲਿਆ ਲੱਗਦਾ ਹੈ। ਮਸਲਾ ਹੱਲ ਕਰਨ ਦੀ ਥਾਂ ਪ੍ਰਸ਼ਾਸਨਿਕ ਅਤੇ ਜਵਾਬੀ ਕਾਰਵਾਈ ਹੋਣ ਕਾਰਨ, ਸਗੋਂ ਮਸਲਾ ਹੋਰ ਉਲਝਦਾ ਹੈ। ਉਤਰ-ਪੂਰਬੀ ਰਾਜਾਂ ਅੰਦਰ ਪੈਦਾ ਹੋਏ ਮਸਲੇ, ਜੰਮੂ-ਕਸ਼ਮੀਰ ਦੀ ਸਮੱਸਿਆ ਅਤੇ ਪੰਜਾਬ ਅੰਦਰ ਬੀਤੇ ਦਹਿਸ਼ਤਗਰਦੀ ਤੇ ਉਸ ਦਾ ਹੱਲ ਗੱਲਬਾਤ ਦਾ ਹੀ ਰਾਹ ਸੀ। ਪਰ ਸਗੋਂ ਗੱਲਬਾਤ ਦੀ ਥਾਂ ਜਵਾਬੀ ਕਾਰਵਾਈ ਹੀ ਕੀਤੀ ਜਾਂਦੀ ਜਿਸ ਕਾਰਨ ਹਾਲਾਤ ਬਦ ਤੋਂ ਬਦਤਰ ਹੀ ਹੋਏ। ਰਾਜਸੀ ਸੌੜੇ ਹਿਤਾਂ ਦੀ ਥਾਂ ਗੱਲਬਾਤ ਹੀ ਲੋਕ ਹਿਤ ਦਾ ਰਾਹ ਹੈ। ਪਰ ਹਾਕਮ ਪ੍ਰਸ਼ਾਸਨੀ ਤੇ ਪੁਲੀਸ ਡੰਡਾ ਹੀ ਵਰਤਦੇ ਰਹੇ ਜਿਨਾਂ ਕਰਕੇ ਹਾਲਾਤ ਵਿਗੜਦੇ ਰਹੇ।

ਜੇਕਰ ਕੋਈ ਗੱਲਬਾਤ ਸਿਰੇ ਚੜਦੀ ਹੈ ਤਾਂ ਮਨਜ਼ੂਰ ਕੀਤੇ ਜਾਂਦੇ ਫਰੇਮਵਰਕ ਐਗਰੀਮੈਂਟ ਦੇ ਵਿਸ਼ਾ ਵਸਤੂ ਨੂੰ ਅਮਲੀ ਰੂਪ ਵਿੱਚ ਨਾ ਤਾਂ ਮਨਜ਼ੂਰ ਕੀਤਾ ਹੈ ਤੇ ਨਾ ਹੀ ਸਰਵਜਨਕ ਕੀਤਾ ਜਾਂਦਾ ਹੈ। ਜਿਸ ਨਾਲ ਲੋਕਾਂ ਅੰਦਰ ਹੋਰ ਚਿੰਤਾ ਅਤੇ ਤੌਖਲੇ ਪੈਦਾ ਹੁੰਦੇ ਹਨ। ਜੰਮੂ-ਕਸ਼ਮੀਰ ਸਮੱਸਿਆ, ਨਾਗਾਲੈਂਡ, ਮਨੀਪੁਰ ਅਤੇ ਅਰੁਨਾਚਲ ਪ੍ਰਦੇਸ਼ ਅਤੇ ਪੰਜਾਬ ਦੇ ਲੋਕਾਂ ਅੰਦਰ ਹਾਕਮਾਂ ਦੀਆਂ ਡੰਗ ਟਪਾਊ ਅਤੇ ਸੌੜੇ ਸਿਆਸੀ ਹਿਤਾਂ ਵਾਲੀਆਂ ਨੀਤੀਆਂ ਕਾਰਨ ਹੀ ਅੱਕ ਤੱਕ ਇਨਾਂ ਰਾਜਾਂ ਅਮਦਰ ਬੇਗਾਨਗੀ ਵਾਲੀਆਂ ਸੁਰਾਂ ਪੈਦਾ ਹੁੰਦੀਆਂ ਰਹਿੰਦੀਆਂ ਨਜ਼ਰ ਆਉਂਦੀਆਂ ਹਨ। ਹੁਣ ਤਾਂ ਸਗੋਂ ਭਾਜਪਾ ਅਤੇ ਆਰ ਐਸਐਸ ਭਿੰਨ ਭਿੰਨ ਨਸਲੀ ਅਤੇ ਕਬਾਇਲੀ ਭਾਈਚਾਰਿਆਂ ਨੂੰ ਆਪਣੇ ਫਿਰਕੂ ਏਜੰਡੇ ਦੇ ਅਧਾਰ ਉੱਤੇ ਆਪਣੇ ਵੱਲ ਕਰਨ ਦੇ ਯਤਨਾਂ 'ਚ ਲੱਗੀ ਹੋਈ ਹੈ। ਇਹ ਚਾਲਾਂ ਫਿਰਕੂ ਤੇ ਨਸਲੀ ਇਕ-ਸੁਰਤਾ ਲਈ ਖ਼ਤਰਾ ਹਨ। ਆਪਣੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾਉਣ ਵਾਸਤੇ ਬੀ ਜੇ ਪੀ ਸਥਾਨਕ ਹਸਤੀਆਂ ਅਤੇ ਪਾਰਟੀਆਂ ਨੂੰ ਆਪਣੇ ਪੱਖ 'ਚ ਕਰਨ ਦੇ ਯਤਨ ਵਜੋਂ ਹੀ ਇਹ ਸਾਰਾ ਕੁਝ ਕਰ ਰਹੀ ਹੈ। ਤੁਸੀਂ ਦੇਖਿਆ ਹੋਵੇਗਾ ਕਿ ਕਿਸਾਨ ਅੰਦੋਲਨ ਦੌਰਾਨ ਮੋਦੀ ਸਰਕਾਰ ਨੇ ਕਿੰਨੇ ਰੰਗ-ਰੂਪ ਨਖ਼ਰੇ ਚਾਲਾਂ ਅਤੇ ਅਸੰਵੇਦਨਸ਼ੀਲਤਾ ਦੇ ਰੁੱਖ ਬਦਲੇ?

ਬਸਤੀਵਾਦ ਵੇਲੇ ਜਦੋਂ ਭਾਰਤ ਗੋਰਿਆਂ ਦਾ ਗੁਲਾਮ ਸੀ ਤਾਂ ਉਨਾਂ ਨੇ ਗੁਲਾਮੀ ਨੂੰ ਕਾਇਮ ਰੱਖਣ ਲਈ ਲੋਕਾਂ ਦੀਆਂ ਜਮਹੂਰੀ ਸਰਸਰਮੀਆਂ ਨੂੰ ਰੋਕਣ ਲਈ ਕਈ ਤਰਾਂ ਦੇ ਲੋਕ ਵਿਰੋਧੀ ਕਨੂੰਨ ਬਣਾਏ ਸਨ ਜਿਵੇਂ ਡੀ ਆਈ ਆਰ, ਮੀਸਾ, ਐਸਮਾ, ਇੱਕ ਸੌ ਸੱਤ-ਇੱਕਵੰਜਾ ਆਦਿ ਜੋ ਬਸਤੀਵਾਦ ਵੇਲੇ ਸਨ। ਪਰ ਆਜ਼ਾਦੀ ਬਾਅਦ ਹੁਣ ਦੇ ਹਾਕਮਾਂ ਨੇ ਗੋਰੇ ਸਾਸ਼ਕਾਂ ਤੋਂ ਵੀ ਅੱਗੇ ਵੱਧ ਕੇ ਟਾਡਾ, ਯੂ ਏ ਪੀ ਏ, ਮੋਕੋਕਾ, ਪੋਟਾ, ਅਸਪਾ ਆਦਿ ਦਰਜਨਾਂ ਕਨੂੰਨ ਜੋ ਅੱਤਵਾਦ ਵਿਰੁੱਧ ਭੰਨ ਤੋੜ ਵਾਲੀਆਂ ਕਾਰਵਾਈਆਂ ਰੋਕਣ, ਅਮਨ ਕਾਨੂੰਨ ਕਾਇਮ ਕਰਨ ਦੇ ਨਾਂ ਹੇਠ ਬਣਾਏ। ਪਰ ਲੱਗਦਾ ਇਨਾਂ ਦੀ ਮਨਸ਼ਾ ਕੋਈ ਹੋਰ ਹੀ ਸੀ। ਅੱਜ ਭਾਰਤ ਆਜ਼ਾਦ ਹੈ, ਸਾਡਾ ਸੰਵਿਧਾਨ ਹੈ, ਪਾਰਲੀਮਾਨੀ-ਜਮਹੂਰੀਅਤ ਹੈ ਅਤੇ ਦੇਸ਼ਵਾਸੀ ਆਜ਼ਾਦ ਦੇਸ਼ ਦੇ ਬਸ਼ੀਦੇ ਹਨ। ਫਿਰ ਰਾਜਸੱਤਾ ਦੇ ਗਲਿਆਰ-ਰਆ 'ਚ ਬੈਠੇ ਹਾਕਮਾਂ ਨੂੰ ਡਰ ਕਿਸ ਤਰਾਂ ਦਾ ਹੈ ? ਹੁਣ ਅਮਲ ਵਿੱਚ ਦੇਖੀਏ ! ਕੀ ਉਪਰੋਕਤ ਬਣਾਏ ਕਨੂੰਨਾਂ ਨਾਲ ਅਮਨ-ਕਨੂੰਨ ਦੀ ਵਿਵਸਥਾ ਆਮ ਵਾਲੀ ਬਣ ਗਈ ਹੈ। ਸਾਲ 1895 (ਸਤੰਬਰ) ਧੂਲੇ ਖ਼ੂਨੀ ਗਨਪਤੀ ਲੋਕਾਂ 'ਤੇ ਪੁਲੀਸ ਗੋਲੀ ਚੱਲੀ, 15 ਅਪ੍ਰੈਲ 1919 ਗੁਜਰਾਂਵਾਲਾ 379 ਮੌਤਾਂ, 12 ਦੰਸਬਰ 1930 ਬੰਬਈ, 13 ਜੂਨ 1959 ਅੰਗਾਮਾਲੀ, 1960 ਉੜੀਸਾ, 18 ਅਪ੍ਰੈਲ, 1976 ਤੁਰਕਮਾਨ ਗੇਟ ਦਿੱਲੀ, 1979-80 ਭਾਗਲਪੁਰ, 1987 ਹਾਸ਼ਮਪੁਰਾ (42), 1 ਅਕਤੂਬਰ 1994 ਰਾਮ-ਪੁਰ, ਜਮਸ਼ੇਦਪੁਰ, 1999 ਤਾਮਿਲਨਾਡੂ, ਪੂਨਾ ਅਤੇ ਹੁਣੇ ਹੁਣੇ 4 ਦਸੰਭਰ, 2021 ਨਾਗਾਲੈਂਡ ਵਿਖੇ 14 ਲੋਕ ਸੁਰੱਖਿਆ ਬਲਾ ਦੀ ਗੋਲੀਬਾਰੀ ਨਾਲ ਮਾਰੇ ਗਏ। ਕੀ ਇਹ ਅਸਲ ਅਮਨ ਕਾਇਮ ਕਰਨਾ ਹੈ ?

ਵਿਡੰਬਨਾ ਇਹ ਹੈ ਕਿ ਆਜ਼ਾਦੀ ਤੋਂ ਪਹਿਲਾ ਬਰਤਾਨਵੀ ਬਸਤੀਵਾਦੀ ਸਾਮਰਾਜ ਤਾਂ ਆਜ਼ਾਦੀ ਲਈ ਚੱਲ ਰਹੀਆਂ ਲਹਿਰਾਂ ਨੂੰ ਕੁਚਲਣ ਲਈ ਲੋਕ ਵਿਰੋਧੀ ਕਨੂੰਨ ਬਣਾਕੇ ਮੁਕਤੀ ਲਹਿਰਾਂ ਨੂੰ ਦਬਾਉਂਦਾ ਸੀ। ਪਰ ਮੌਜੂਦਾ ਹਾਕਮ ਲੋਕ ਹੱਕਾਂ ਲਈ ਸੰਘਰਸ਼ਸ਼ੀਲ ਲੋਕਾਂ-ਕਿਸਾਨਾਂ ਤੇ ਮਜ਼ਦੂਰਾਂ ਨੂੰ ਜੋ ਆਪਣੇ ਹੱਕਾਂ ਅਤੇ ਮੰਗਾਂ ਲਈ ਲੜਦੇ ਹਨ, ਉਨਾਂ ਵਿਰੁੱਧ ਅਜਿਹੇ ਲੋਕ ਵਿਰੋਧੀ ਕਨੂੰਨ ਬਣਾਉਣ ਤੇ ਲਾਗੂ ਕਰਨ ਦੀ ਤਾਕ ਵਿੱਚ ਸਦਾ ਰਹਿੰਦੇ ਹਨ। ਅੱਜ ਵੀ ਹਾਕਮ ਜਮਾਤਾਂ ਨੇ ਲੋਕਾਂ ਦੇ ਜਮਹੂਰੀ ਹੱਕਾਂ, ਸ਼ਹਿਰੀ ਆਜ਼ਾਦੀਆਂ ਅਤੇ ਅਧਿਕਾਰਾਂ ਨੂੰ ਕੁਚਲਣ ਲਈ ਹੀ ਬਹੁਤ ਵਾਰੀ ਇਨਾਂ ਕਨੂੰਨਾਂ ਦੀ ਵਰਤੋਂ ਕੀਤੀ ਹੈ। ਤੁਹਾਨੂੰ ਪਤਾ ਹੋਵੇਗਾ ਕਿ 2000 ਦੌਰਾਨ ਮਨੀਪੁਰ ਦੀ ਇੱਕ ਬਹਾਦਰ ਜਮਹੂਰੀ ਅਧਿਕਾਰ ਕਾਰਕੁੰਨ ਇਰੋਮ ਸ਼ਰਮੀਲਾ ਨੇ ਅਸਪਾ ਵਿਰੁੱਧ 16 ਸਾਲ ਤੱਕ ਸੰਘਰਸ਼ ਕੀਤਾ ਸੀ। ਲੋਕ ਦਬਾਅ ਅਧੀਨ ਸਾਲ 2004 ਦੌਰਾਨ ਯੂ ਪੀ ਏ ਸਰਕਾਰ ਵੇਲੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜੀਵਨ ਰੈਡੀ ਦੀ ਅਗਵਾਈ ਹਠ ਅਸਫ਼ਪਾ ਕਨੂੰਨ ਸੋਧਣ ਲਈ ਕਮੇਟੀ ਦਾ ਗਠਨ ਕੀਤਾ ਸੀ।ਜਿਸਨੇ 2005 ਦੌਰਾਨ ਪੇਸ਼ ਕੀਤੀ ਰਿਪੋਰਟ 'ਚ ਕਿਹਾ ਕਿ ਇਹ ਕਨੂੰਨ ਸਭ ਤੋਂ ਵੱਡਾ ਦਮਨਕਾਰੀ ਚਿੰਨ ਹੈ। ਮੌਜੂਦਾ ਮੋਦੀ ਸਰਕਾਰ ਨੇ ਜੀਵਨ ਰੈਡੀ ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਰੱਦ ਹੀ ਨਹੀਂ ਕੀਤਾ, ਸਗੋਂ ਸਬ-ਕਮੇਟੀ ਵੀ ਖ਼ਤਮ ਕਰ ਦਿੱਤੀ। ਕੇਂਦਰ, ਰਾਜਾਂ ਦੀ ਸਹਿਮਤੀ ਤੋਂ ਬਿਨਾਂ ਇੱਕ ਤਰਫਾ ਕਾਰਵਾਈ ਕਰ ਸਕਦਾ ਹੈ ਜੋ ਹੱਕ ਪਹਿਲਾ ਰਾਜਾਂ ਨੂੰ ਸਨ।

ਉਤਰ ਪੂਰਬੀ ਰਾਜਾਂ ਅੰਦਰ 'ਅਫ਼ਸਪਾ' ਵਿਰੁੱਧ ਖ਼ੂਬ ਸਿਆਸਤ ਚੱਲ ਰਹੀ ਹੈ। ਸਾਲ 2000 ਦੌਰਾਨ ਮਨੀਪੁਰ ਅੰਦਰ 8 ਆਸਾਮ ਰਾਈਫਲ ਹੱਥੋਂ 10 ਸਿਵਲੀਅਨ ਮਾਰੇ ਗਏ ਸਨ। 1950 ਨੂੰ ਨਾਗਾਲੈਂਡ ਅਤੇ ਮਿਜ਼ੋਰਮ ਦੇ ਲੋਕਾਂ 'ਤੇ ਹਵਾਈ ਹਮਲੇ ਹੋਏ ਸਨ ਤੇ ਮਨੁੱਖੀ ਅਧਿਕਾਰਾਂ ਦੀ ਅਵੱਗਿਆ ਹੋਈ ਸੀ। ਮਨੀਪੁਰ ਦੀ ਇੱਕ ਸੰਸਥਾ ਈ.ਈ.ਵੀ. ਐਫ.ਨੇ ਮਾਣਯੋਗ ਸੁਪਰੀਮ ਕੋਰਟ ਵਿੱਚ ਇੱਕ ਦਰਖਾਸਤ ਦਿੱਤੀ ਸੀ ਕਿ ਸਾਲ 1979-2012 ਤੱਕ 1528 ਝੂਠੇ ਮੁਕਾਬਲੇ ਹੋਏ ਸਨ ਪਰ ਸਿਟ ਵੱਲੋਂ ਜੋ ਕਾਰਵਾਈ ਕੀਤੀ ਗਈ ਉਸ ਦਾ ਕੋਈ ਨਤੀਜਾ ਸਾਹਮਣੇ ਨਹੀਂ ਆਇਆ, ਕੋਈ ਕਾਰਵਾਈ ਵੀ ਨਹੀਂ ਹੋਈ। ਲੰਬੇ ਸਮੇਂ ਤੋਂ ਜੰਮੂ-ਕਸ਼ਮੀਰ, ਛੱਤੀਸਗੜ, ਮਹਾਂਰਾਸ਼ਟਰ ਆਦਿ ਰਾਜਾਂ ਅੰਦਰ ਜਿੱਥੇ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਪੰਜਾਬ ਵਿੱਚ ਬੀਤੇ ਸਮੇਂ ਕੀ ਹੋਇਆ ਸੀ? ਹਾਕਮਾਂ ਦੀਆਂ ਨੀਤੀਆਂ ਹੀ ਅਜਿਹੇ ਹਾਲਾਤ ਪੈਦਾ ਕਰਦੀਆਂ ਹਨ ਤੇ ਖੁਦ ਆਪ ਹੀ ਉਨਾਂ ਹਾਲਤਾਂ ਨੂੰ ਦਬਾਉਣ ਲਈ ਨਿਟਦਈਪੁਣੇ, ਜ਼ੁਲਮੀ ਅਤੇ ਕਰੂਰ ਢੰਗ ਤਰੀਕੇ ਅਪਨਾਏ ਜਾਂਦੇ ਹਨ।

ਜੱਜ ਜੀਵਨ ਰੈਡੀ ਕਮੇਟੀ ਦੀਆਂ ਸਿਫਾਰਿਸ਼ਾਂ ਵਿੱਚ ਸਪੱਸ਼ਟ ਦਰਜ ਹੈ ਕਿ ਲੋਕਾਂ ਨਾਲ ਹੁੰਦੀਆਂ ਵਧੀਕੀਆਂ ਅਤੇ ਅਮਾਨਵੀ ਵਰਤਾਉ ਕਾਰਨ ਇਸ ਐਕਟ ਨੂੰ ਵਾਪਸ ਲੈਣ ਲਈ, "ਇਸ ਨੂੰ ਸਤਹੀ ਅਤੇ ਬਿਲਕੁਲ ਅਢੁਕਵਾਂ ਕਿਹਾ। ਇਸ ਕਾਨੂੰਨ ਨੂੰ ਦਮਨ ਦਾ ਚਿੰਨ, ਵਿਤਕਰੇ ਭਰਿਆ ਅਤੇ ਜਿਆਦਤੀਆਂ ਕਰਨ ਵਾਲਾ ਇੱਕ ਜ਼ਰੀਆ ਤੇ ਨਫ਼ਰਤ ਦਾ ਪਾਤਰ ਕਾਨੂੰਨ ਕਿਹਾ ਹੈ। ਪਰ ਬੀ ਜੇ ਪੀ, ਆਰ ਐਸ ਐਸ ਨੂੰ ਭਾਉਂਦਾ ਕਰਕੇ ਇਸ ਕਾਨੂੰਨ ਦੀਆਂ ਸਿਫਾਰਿਸ਼ਾਂ ਹੀ ਰੱਦ ਕਰ ਦਿੱਤੀਆਂ ਗਈਆਂ ਸਨ।

ਗੜਬੜ ਵਾਲੇ ਖੇਤਰਾਂ 'ਚ ਆਮ ਵਿਵਸਥਾ ਬਹਾਲ ਕਰਨ ਲਈ ਅਜਿਹੇ ਕਾਨੂੰਨ ਅੱਜ ਤੱਕ ਨਾ ਤਾਂ ਇਹ ਸਾਰਥਿਕ ਸਾਬਤ ਹੋਏ ਹਨ ਅਤੇ ਨਾ ਹੀ ਸ਼ਾਂਤੀ ਕਾਇਮ ਕਰ ਸਕੇ ਹਨ। ਸਗੋਂ ਇਨਾਂ ਦੀ ਵਰਤੋਂ ਕਾਰਨ ਉਪਰੋਕਤ ਰਾਜਾਂ ਅੰਦਰ ਮਾਹੌਲ ਖਰਾਬ ਕਰਨ, ਉਕਸਾਹਟ ਪੈਦਾ ਕਰਨ ਅਤੇ ਅਮਨ ਲਈ ਚੱਲਦੀ ਗੱਲਬਾਤ ਨੂੰ ਢਾਅ ਲਾਉਣ ਵਾਲੇ ਹੀ ਸਾਬਤ ਹੋਏ ਹਨ। ਸਗੋਂ ਚਾਹੀਦਾ ਹੈ ਕਿ ਅਮਨ-ਕਨੂੰਨ ਦੀ ਬਹਾਲੀ ਲਈ ਲੋਕਾਂ ਵਿਚਕਾਰ ਸਦਭਾਵਨਾ ਵਾਲਾ ਮਾਹੌਲ ਪੈਦਾ ਕਰਨ ਵਾਲਾ ਹੀ ਕਾਨੂੰਨ ਲਾਹੇਵੰਦ ਕਿਹਾ ਜਾ ਸਕਦਾ ਹੈ। ਮੌਜੂਦਾ ਕਾਨੂੰਨ 'ਤੇ ਮੁੜ ਨਜ਼ਰ-ਸਾਨੀ ਕਰਨੀ ਚਾਹੀਦੀ ਹੈ। ਸੁਰੱਖਿਆ ਦਸਤਿਆਂ ਤੇ ਲੋਕਾਂ ਵਿਚਕਾਰ ਮੇਲ-ਮਿਲਾਪ ਦਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ। ਦੋਸ਼ੀ ਲੋਕਾਂ ਨੂੰ ਬਣਦੀਆਂ ਸਜਾਵਾਂ ਦੇਣ ਦੀ ਕਾਰਵਾਈ ਕਰਨੀ ਬਣਦੀ ਹੈ। ਮਨੁੱਖੀ ਅਧਿਕਾਰਾਂ ਦੀ ਹਰ ਕੀਮਤ 'ਤੇ ਰੱਖਿਆ ਹੋਣੀ ਚਾਹੀਦੀ ਹੈ।

# ਮੋਗਾ - ਭੂੰਡੀਆਂ ਵਾਲਾ

-ਹਰਜੀਤ ਕੌਰ ਗਿੱਲ

ਮੇਰੇ ਪਿਆਰੇ ਪਾਠਕੋ, ਤੁਹਾਨੂੰ ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਇੱਕ ਗੱਲ ਸੱਚ ਦੱਸਣਾ, ਮੇਰੇ ਛੋਟੇ ਜਿਹੇ ਲੇਖ਼ ਦੇ ਨਾਮ ਨੂੰ ਪੜ੍ਹ ਕੇ ਤੁਸੀਂ ਸਾਰੇ ਹੱਸੇ ਤਾਂ ਜ਼ਰੂਰ ਹੋਵੋਗੇ। ਪਰ ਕੀ ਕਰਾਂ, ਇਹ ਹੀ ਸੱਚਾਈ ਏ, ਆਪਾਂ ਸਾਰੇ ਹੀ ਈ-ਰਿਕਸ਼ਾ ਨੂੰ ਭੂੰਡੀ ਕਹਿੰਦੇ ਹਾਂ? ਭੂੰਡੀ ਬਾਜ਼ਾਰ ਜਾ ਨੇੜੇ -ਤੇੜੇ ਜਾਣ ਦਾ ਸਸਤਾ ਤੇ ਛੇਤੀ ਮਿਲ ਜਾਣ ਵਾਲਾ ਆਵਾਜਾਈ ਦਾ ਸਾਧਨ ਹੈ। ਇਹ ਵੀ ਸੱਚਾਈ ਏ ਕਿ ਇਹ ਪਿਛਲੇ ਇੱਕ ਕੁ ਸਾਲ ਤੋਂ ਗਰੀਬ ਤੇ ਜ਼ਰੂਰਤਮੰਦ ਲੋਕਾਂ ਦੀ ਰੋਜੀ - ਰੋਟੀ ਦਾ ਸਾਧਨ ਬਣਿਆ ਹੋਇਆ ਹੈ। ਇਸ ਨੇ ਰਿਕਸ਼ੇ ਅਤੇ ਟੈਂਪੂ (ਖੱਟੇ ਭੂੰਡ) ਤਾਂ ਲੱਗਭਗ ਖਤਮ ਹੀ ਕਰਾ ਛੱਡੇ ਹਨ। ਸੋ ਇਹ ਵਧੀਆ ਗੱਲ ਹੈ ਕਿ, ਭੂੰਡੀ ਬੇਰੁਜ਼ਗਾਰਾ ਲਈ ਰੁਜ਼ਗਾਰ ਦਾ ਸਾਧਨ ਬਣੀ ਹੈ। ਪਰ ਜਿਵੇਂ ਕਹਿੰਦੇ ਹੁੰਦੇ ਆ ਨਾ ਕਿ : "Excess of everything is bad."

ਭਾਵ ਕਿ ਕੋਈ ਵੀ ਚੀਜ਼ ਹੱਦ ਤੋਂ ਵੱਧ ਮਾੜੀ ਹੁੰਦੀ ਹੈ। ਠੀਕ ਇਸੇ ਪ੍ਰਕਾਰ ਹੀ ਮੋਗਾ ਸ਼ਹਿਰ ਵਿੱਚ ਭੂੰਡੀਆਂ ਦੀ ਹੱਦੋਂ ਵੱਧ, ਵੱਧਦੀ ਗਿਣਤੀ, ਆਮ ਲੋਕਾਂ ਲਈ ਬਹੁਤ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ। ਹੁਣ ਤਾਂ ਇਹਨਾਂ ਨੇ ਬਾਗ ਗਲੀ ਅਤੇ ਭੀੜ੍ਹ ਵਾਲੇ ਬਾਜਾਰ ਦੀਆਂ ਗਲੀਆਂ ਵਿੱਚ ਵੀ ਘੁਸਪੈਠ ਕਰ ਲਈ ਹੈ। ਇਕੱਲੇ ਮੋਗਾ 'ਚ ਹੀ ਨਹੀਂ, ਸ਼ਾਇਦ ਸਾਰੇ ਸ਼ਹਿਰਾਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਆਦਿ ਵਿੱਚ ਵੀ ਅਜਿਹਾ ਵਾਪਰ ਰਿਹਾ ਹੈ। ਮੈਂ ਵੀ ਸ਼ਾਇਦ ਇਸ ਵਿਸ਼ੇ ਤੇ ਨਾ ਲਿਖਦੀ ਤੇ ਚੁੱਪ ਹੀ ਰਹਿੰਦੀ। ਕਿਉਂਕਿ ਕਹਿੰਦੇ ਆ ਨਾ ਕਿ ਜਿੰਨੀ ਦੇਰ ਆਪਣੇ ਤੇ ਨਹੀਂ ਬੀਤਦੀ ਤਾਂ ਉਨੀ ਦੇਰ ਪਤਾ ਨਹੀਂ ਲੱਗਦਾ।

ਇਹ ਗੱਲ ਲੰਘੇ ਹਫ਼ਤੇ ਦੀ ਆ , ਮੈਂ ਪ੍ਰਤਾਪ ਰੋਡ ਤੋਂ ਆਪਣੇ ਘਰ ਵੱਲ ਨੂੰ ਐਕਟਿਵਾ ਤੇ ਵਾਪਿਸ ਆ ਰਹੀ ਸਾਂ ਤਾਂ ਇੱਕ ਭੂੰਡੀ ਵਾਲੇ ਨੇ ਕਾਹਲੀ ਵਿੱਚ ਆਪਣੀ ਭੂੰਡੀ ਪਿੱਛੋਂ ਲਿਆ ਕੇ, ਮੇਰੇ ਐਕਟਿਵਾ ਵਿੱਚ ਮਾਰੀ, ਜਿਸ ਨਾ.ਲ ਐਕਟਿਵਾ , (ਜੋ ਕਿ ਪ੍ਰਤਾਪ ਰੋਡ ਚੌਂਕ ਵਿੱਚ ਭੀੜ ਹੋਣ ਕਰਕੇ ਰੁਕਿਆ ਹੋਇਆ ਸੀ), ਅਚਾਨਕ ਭੂੰਡੀ ਦੇ ਵੱਜਣ ਨਾਲ (ਐਕਟਿਵਾ ਤੇ ਮੈਂ ) ਸੜਕ ਤੇ ਡਿੱਗ ਗਏ ਤੇ ਮੇਰੇ ਸੱਟ ਵੀ ਲੱਗੀ। ਭੂੰਡੀ ਵਾਲਾ ਇਹ ਕਹਿ ਕੇ ਉਥੋਂ ਚਲਾ ਗਿਆ ਕਿ ਪਤਾ ਨਹੀਂ ਲੱਗਾ ।

ਉਸ ਤੋਂ ਅਗਲੇ ਦਿਨ ਅਚਾਨਕ ਮੇਨ ਚੌਂਕ ਕੋਲ, ਸਿਟੀ -1 ( ਪੁਲਿਸ ਸ਼ਟੇਸ਼ਨ) ਕੋਲ ਟਰੈਫਿਕ ਇੰਨਚਾਰਜ ਹਰਜੀਤ ਸਿੰਘ ਵੋਲਵੋ ਬੱਸ ਨੂੰ ਕਿਸੇ ਕਾਰਨ ਕਰਕੇ ਰੋਕੀ ਖੜ੍ਹੇ ਸੀ, ਇਸ ਨਾਲ ਸਾਰਾ ਟਰੈਫਿਕ ਜਾਮ ਹੋਇਆਂ ਪਿਆ ਸੀ। ਉੱਥੇ ਸਾਰੇ ਈ - ਰਿਕਸ਼ਾ ਸੰਘ ਵਾਲੇ ਵੀ ਖੜੇ ਸਨ। ਮੈਂ ਵੀ ਐਕਟਿਵਾ ਇੱਕ ਪਾਸੇ ਲਗਾ ਕੇ ਹਰਜੀਤ ਸਿੰਘ ਨੂੰ ਪੁੱਛ ਲਿਆ ਕਿ ਕੀ ਗੱਲ ਹੋਈ ਹੈ? ਅਤੇ ਕਿਹਾ ਕਿ ਇਨ੍ਹਾਂ ਈ-ਰਿਕਸ਼ਿਆਂ ਵਾਲਿਆਂ ਨੂੰ ਵੀ ਸਮਝਾਓ ਕਿ ਇਹ ਕੋਈ ਟਰੈਫਿਕ ਨਿਯਮਾਂ ਦਾ ਪਾਲਣ ਕਰਨ ਅਤੇ ਧਿਆਨ ਨਾਲ ਰਿਕਸ਼ਾ ਚਲਾਇਆ ਕਰਨ। ਪਰ ਉਹ ਕਹਿੰਦੇ, ਤੁਸੀਂ ਆਪ ਹੀ ਕਹਿ ਲਵੋ, ਇਹ ਸਾਰੇ ਖੜ੍ਹੇ ਹਨ। ਜਦੋਂ ਮੈਂ ਉਨ੍ਹਾਂ ਨੂੰ ਸਮਝਾਇਆ ਤਾਂ ਉਹ ਸਾਰੇ ਮੂਕ ਦਰਸ਼ਕ ਬਣੇ, ਮੇਰੇ ਮੂੰਹ ਵੱਲ ਵਹਿੰਦੇ ਰਹੇ,ਅਤੇ ਹਾਂ - ਹੂੰ 'ਚ ਸਿਰ ਹਿਲਾਉਂਦੇ ਰਹੇ। ਹਰਜੀਤ ਸਿੰਘ ਨੇ ਇਨਾ ਹੀ ਕਿਹਾ ਕਿ, ਆਹ ਸੁਣ ਲਵੋ ਕਿ ਮੈਡਮ ਕੀ ਕਹਿੰਦੀ ਆਂ? ਹੁਣ ਮੈਂ ਮੋਗੇ dI MLA, DC, SDM, SSP ਜਾਂ traffic Incharge of police ਤਾਂ ਹੈ ਨਹੀਂ, ਕਿ ਉਹ ਮੇਰਾ ਕਿਹਾ ਮੰਨਦੇ?? ਮੈਂ ਤਾਂ ਮੋਗੇ ਦੀ ਇੱਕ ਆਮ ਨਾਗਰਿਕ ਹਾਂ। ਜੇ ਮੈਂ ਲੇਖਿਕਾ ਹਾਂ ਤਾਂ ਉਹ ਸਿਰਫ ਮੈਨੂੰ ਪਤਾ ਕਿ ਮੈਂ ਲਿਖਦੀ ਆਂ, ਕੁਛ ਲੋਕਾਂ ਨੂੰ ਪਤਾ, ਸਾਰਿਆਂ ਨੂੰ ਥੋੜੀ ਪਤਾ? ਉਸ ਦਿਨ ਮੈਨੂੰ ਇੰਝ ਲੱਗਿਆ ਕਿ ਮੋਗੇ ਵਿੱਚ ਸ਼ਾਇਦ ਅਮਨ ਕਾਨੂੰਨ ਨਾਮ ਦੀ ਕੋਈ ਚੀਜ਼ ਈ ਨਹੀਂ, ਹਰ ਕੋਈ ਆਪ ਮੁਹਾਰਾ ਹੋਇਆ ਫਿਰਦਾ?? ਉਪਰੋਕਤ ਉੱਚ-ਅਹੁੱਦਿਆਂ ਤੇ ਬੈਠੇ ਅਫਸਰ ਤੇ ਪਹਿਲੀ ਵਾਰ ਬਣੀ ਮੰਤਰੀ ਸਾਹਿਬਾ, ਇਸ ਗੱਲ ਤੇ ਗੌਰ ਫ਼ੁਰਮੌਣ ਕਿ ਉੱਚ ਅਫਸਰਾਂ ਨੂੰ ਤਨਖਾਹਾਂ ਸਰਕਾਰ ਇਕੱਲੇ ਦਫਤਰਾਂ ਵਿੱਚ ਬੈਠਣ ਲਈ ਨਹੀਂ ਦਿੰਦੀ, ਸਗੋਂ ਲੋਕਾਂ ਵਿੱਚ ਵਿਚਰ ਕੇ, ਉਨ੍ਹਾਂ ਦੀਆਂ ਦੁੱਖ -ਤਕਲੀਫਾਂ ਨੂੰ ਸੁਣ ਕੇ ਦੂਰ ਕਰਨ ਤੇ ਜਿਲੇ ਵਿੱਚ ਅਮਨ ਕਾਨੂੰਨ ਤੇ ਸ਼ਾਂਤੀ ਵਿਵਸਥਾ ਬਣਾਏ ਰੱਖਣ ਲਈ ਦਿੰਦੀ ਹੈ।MLA ਸਾਹਿਬਾ ਦਾ ਵੋਟਾਂ ਤੋਂ ਪਹਿਲਾਂ ਵਾਲਾ ਮੋਗਾ ਪ੍ਰਤੀ ਪਿਆਰ ਤਾਂ ਛੂੰ-ਮੰਤਰ ਹੋ ਗਿਆ ਲੱਗਦਾ। ਉਨ੍ਹਾਂ ਦਾ ਮੋਗੇ ਨਾਲ ਕੀਤਾ ਪਹਿਲਾ ਵਾਅਦਾ " ਸਾਫ਼-ਸੁਥਰਾ ਤੇ ਹਰਿਆ-ਭਰਿਆ ਮੋਗਾ ਸਿਰਫ਼ ਚੁਣਾਵੀ ਜੁਮਲਾ ਈ ਬਣ ਕੇ ਰਹਿ ਗਿਆ ਲੱਗਦਾ ਏ ਹੁਣ ਤਾਂ??ਬੱਸ ਇਹੀ ਕਹਿ ਸਕਦੇ ਆਂ ਹੁਣ ਤਾਂ -

*"ਗ਼ਜਬ ਕਿਆ ਤੇਰੇ ਵਾਅਦੇ ਪੇ*
*ਇਤਬਾਰ ਕੀਆ,*
*ਹਮ ਨੇ ਹਰ ਬਾਰ ਤੁਮਾਹਾਰਾ*
*ਇੰਤਜ਼ਾਰ ਕਿਆ।"*

ਅਤੇ ਕਹਿੰਦੇ ਆ ਕਿ DC ਸਾਹਿਬ ਜ਼ਿਲੇ ਦੀ "ਮਾਂ" ਹੁੰਦੀ ਹੈ। ਇਸ ਵਾਰ ਇੱਕ ਆਪਣੀ ਲੇਖਿਕਾ ਭੈਣ ਤੋਂ ਤਾਰੀਫ਼ ਕਾਫ਼ੀ ਸੁਣੀ ਆਂ DC ਸਾਹਿਬ ਦੀ। ਸੋ ਆਖਿਰ ਵਿੱਚ ਜਿਆਦਾ ਨਾ ਕਹਿੰਦੀ - ਲਿਖਦੀ ਹੋਈ ਇਹੀ ਕਹਾਂਗੀ ਕਿ MLA ਸਾਹਿਬਾ ਅਤੇ DC ਸਾਹਿਬ, ਸਮਾਗਮਾਂ ਤੇ ਜਾਣਾ ਘੱਟ ਕਰਕੇ, ਮੋਗੇ ਦੀਆਂ ਸਮੱਸਿਆਵਾਂ ਸੁਲਝਾਉਣ ਵੱਲ ਧਿਆਨ ਜਿਆਦਾ ਦੇਣ, ਤਾਂ ਜੋ ਮੋਗੇ ਨੂੰ ਸਾਫ ਸੁਥਰਾ, ਸੋਹਣਾ, ਅਮਨ ਕਾਨੂੰਨ ਤੇ ਸ਼ਾਂਤੀ ਭਰਭੂਰ ਬਣਾਇਆ ਜਾ ਸਕੇ। ਆਪਣੇ ਸ਼ਹਿਰ ਮੋਗੇ ਤੇ ਸਾਨੂੰ ਸਾਰਿਆਂ ਨੂੰ ਮਾਣ ਹੋਵੇ ਨਾ ਕਿ ਤਰਸ ਖਾ ਕੇ ਇਹ ਕਹਿਣਾ ਪਵੇ ਕਿ :-

*"ਲੱਗ ਗਈ ਨਜ਼ਰ ਤੈਨੂੰ ਕੀਹਦੀ ਜੀਣ*
*ਜੋਗਿਆ,*
*ਵੇ ਆਹ ਤੇਰਾ ਹਾਲ ਕੀ ਬਣਾਤਾ ਮੇਰੇ*
*ਮੋਗਿਆ?? "*

ਸੋ ਆਓ ਅਸੀਂ ਵੀ ਸਾਰੇ ਆਪਣੇ ਫਰਜ਼ ਪਛਾਣਦੇ ਹੋਈਏ, ਮੋਗੇ ਨੂੰ ਸਾਫ਼ ਸੁਥਰਾ, ਹਰਾ ਭਰਾ ਅਤੇ ਅਮਨ ਕਾਨੂੰਨ ਤੇ ਸ਼ਾਂਤੀ ਵਿਵਸਥਾ ਬਣਾਏ ਰੱਖਣ ਲਈ ਪੁਲਿਸ ਪ੍ਰਸ਼ਾਸਨ, ਡੀ. ਸੀ.ਸਾਹਿਬ ਤੇ ਐਮ.ਐਲ.ਏ.ਸਾਹਿਬਾ ਦਾ ਸਹਿਯੋਗ ਕਰੀਏ। ਕਿਉਂਕਿ ਮੈਂ ਤਾਂ ਆਪਣਾ ਫ਼ਰਜ਼ ਪਛਾਣਦੇ ਹੋਏ ਇਹ ਲੇਖ ਲਿਖ਼ ਦਿੱਤਾ ਹੈ, ਇਸ ਤੇ ਅਮਲ ਕਰਨਾ ਹੁਣ ਤੁਹਾਡੀ ਸਾਰੇ ਮੋਗਾ ਵਾਸੀਆਂ ਦੀ ਜ਼ਿੰਮੇਵਾਰੀ ਹੈ। ਸ਼ਾਲਾ ! ਮੇਰਾ ਸੋਹਣਾ ਮੋਗਾ ਸਦਾ ਹੱਸਦਾ ਵੱਸਦਾ ਰਹੇ।

## ਹਲਕਾ-ਫੁਲਕਾ

ਪੱਪੂ (ਰਾਜੂ ਨੂੰ), "ਯਾਰ! ਇਹ ਔਰਤਾਂ ਬਹੁਤ ਚਲਾਕ ਹੁੰਦੀਆਂ ਜਾ ਰਹੀਆਂ ਹਨ।"
ਰਾਜੂ, "ਕਿਉਂ, ਕੀ ਹੋਇਆ?"
ਪੱਪੂ, "ਕੱਲ੍ਹ ਮੈਂ ਆਪਣੀ ਸਾਲੀ ਨੂੰ ਮਜ਼ਾਕ ਵਿੱਚ ਕਿਹਾ ਕਿ ਸਾਲੀ ਤਾਂ ਅੱਧੀ ਘਰ ਵਾਲੀ ਹੁੰਦੀ ਹੈ।"
ਰਾਜੂ, "ਹਾਂ, ਤਾਂ ਇਸ ਨਾਲ ਕੀ ਹੋ ਗਿਆ?"
ਪੱਪੂ, "ਉਹ ਕਮਬਖ਼ਤ ਅੱਧੀ ਸੈਲਰੀ ਮੰਗ ਰਹੀ ਹੈ।"

*******

ਦੁਕਾਨਦਾਰ, "ਮੈਡਮ, ਕਿਉਂ ਪ੍ਰੇਸ਼ਾਨ ਹੋ?"
ਲੜਕੀ, "ਮੇਰੇ ਮੋਬਾਇਲ ਵਿੱਚ ਨੈਟਵਰਕ ਨਹੀਂ ਆ ਰਿਹਾ, ਜ਼ਰਾ ਦੇਖਣਾ?"
ਦੁਕਾਨਦਾਰ, "ਮੈਡਮ, ਇਹ ਤਾਂ ਖ਼ਰਾਬ ਵੈਦਰ (ਮੌਸਮ) ਦੀ ਵਜ੍ਹਾ ਨਾਲ ਹੈ।"
ਲੜਕੀ, "ਇਹ ਲਵੋ 500 ਰੁਪਏ ਤੇ ਨਵਾਂ ਵੈਦਰ ਪਾ ਦਿਓ।"

******

ਪੱਪੂ (ਵਿਦੇਸ਼ੀ ਨੂੰ), "ਤੁਸੀਂ ਖਾਣੇ ਵਿੱਚ ਕੀ ਖਾਂਦੇ ਹੋ?"
ਵਿਦੇਸ਼ੀ, "ਸਲਾਦ।"
ਪੱਪੂ,"ਇਹ ਤਾਂ ਅਸੀਂ ਖਾਣੇ ਦੀ ਉਡੀਕ ਵਿੱਚ ਹੀ ਖ਼ਤਮ ਕਰ ਦਿੰਦੇ ਹਾਂ।"

## ਭੋਜਨ ਉਦਯੋਗ ਵਿਚ ਕੰਮ ਕਰਨ ਲਈ ਕੁਈਨਸਵੁੱਡ ਕਾਲਜ ਦੇ ਕੋਰਸ ਲਾਹੇਵੰਦ

ਕਨੇਡਾ ਵਿੱਚ ਖੁਸ਼ ਰਹਿਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਤੁਸੀਂ ਕੁਈਨਸਵੁੱਡ ਕਾਲਜ ਦੁਆਰਾ ਪੇਸ਼ ਕੀਤੇ ਡਿਪਲੋਮਾ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ (ਜੇਕਰ ਤੁਸੀਂ ਵਿਜ਼ਟਿਰ ਹੋ, ਕੈਨੇਡਾ ਲਈ ਨਵੇਂ ਹੋ, ਕੰਮ ਤੋਂ ਮੁਅੱਤਲ ਹੋ, ਲੇਬਰ ਮਾਰਕੀਟ ਨੂੰ ਛੱਡਣਾ ਚਾਹੁੰਦੇ ਹੋ ਫਿਰ ਕੁਈਨਸਵੁੱਡ ਕਾਲਜ ਤੁਹਾਡੇ ਹੁਨਰ ਨੂੰ ਅਪਗ੍ਰੇਡ ਕਰਨ ਲਈ ਸਹੀ ਜਗ੍ਹਾ ਹੈ)। ਕੁਈਨਸਵੁੱਡ ਕਾਲਜ ਫੂਡ ਸਰਵਿਸ ਵਰਕਰ ਦਾ 14 ਨਵੰਬਰ ਨੂੰ ਨਵਾਂ ਬੈਚ ਸ਼ੁਰੂ ਕਰਨ ਜਾ ਰਿਹਾ ਹੈ।ਫੂਡ ਸਰਵਿਸ ਵਰਕਰ (FSW) ਪ੍ਰੋਗਰਾਮ ਉਹਨਾਂ ਲੋਕਾਂ ਲਈ ਤਿਆਰ ਕੀਤਾ ਗਿਆ ਹੈ, ਜੋ ਭੋਜਨ ਉਦਯੋਗ ਜਾਂ ਸਿਹਤ ਸੰਭਾਲ ਰਸੋਈਆਂ ਵਿੱਚ ਕੰਮ ਕਰਨਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਭੋਜਨ ਸੰਭਾਲ, ਪੋਸ਼ਣ, ਸੈਨੀਟੇਸ਼ਨ ਅਤੇ ਸੁਰੱਖਿਆ, ਮਾਤਰਾ ਵਿੱਚ ਭੋਜਨ ਤਿਆਰ ਕਰਨ ਵਿੱਚ ਸਿਖਲਾਈ ਦਿੱਤੀ ਜਾਵੇਗੀ। ਕਾਲਜ 120 ਘੰਟਿਆਂ ਲਈ ਹੈਲਥ ਕੇਅਰ ਸੈਟਿੰਗ ਵਿੱਚ ਪ੍ਰੈਕਟਿਕਮ ਪਲੇਸਮੈਂਟ ਦਾ ਪ੍ਰਬੰਧ ਕਰੇਗਾ, ਜੋ ਕਿ ਸਰਕਾਰੀ ਮਾਪਦੰਡਾਂ ਅਤੇ ਰੋਜ਼ਗਾਰ ਲੋੜਾਂ ਨੂੰ ਪੂਰਾ ਕਰਨ ਵਾਲਾ ਵਿਹਾਰਕ ਅਨੁਭਵ ਪ੍ਰਦਾਨ ਕਰੇਗਾ।

ਪ੍ਰੋਗਰਾਮ ਗ੍ਰੈਜੂਏਟ ਹਸਪਤਾਲਾਂ ਵਿੱਚ ਧਇਟਅਰੇ ਓਦਿਏ ਜੋਬਸ, ਹਸਪਤਾਲ ਟ੍ਰੇ ਕੈਰੀਅਰ, ਨਰਸਿੰਗ ਹੋਮਜ਼, ਲੌਂਗ ਟਰਮ ਕੇਅਰ, ਰਿਟਾਇਰਮੈਂਟ ਹੋਮ ਅਤੇ ਏਅਰਲਾਈਨ ਕਿਚਨ ਵਿੱਚ ਨੌਕਰੀਆਂ ਲਈ ਅਰਜ਼ੀ (Application) ਦੇ ਸਕਦੇ ਹਨ। ਉਹ ਇਸ ਬੈਚ ਲਈ ਟਿਊਸ਼ਨ ਫੀਸ 'ਤੇ ਵਿਸ਼ੇਸ਼ ਛੋਟ (Special Discount) ਦੇ ਰਹੇ ਹਨ। ਛੋਟੇ ਕੋਰਸਾਂ ਲਈ ਇਹ ਅਕਾਊਂਟਿੰਗ, ਬੇਸਿਕ ਤੋਂ ਐਡਵਾਂਸਡ ਕੰਪਿਊਟਰ ਕੋਰਸ, ਬੁੱਕ ਕੀਪਿੰਗ, ਕਵਿੱਕਬੁੱਕ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਡਾਟਾ ਐਂਟਰੀ, ਆਈਲੈਟਸ ਅਤੇ ਸਲਪੀਪ ਦੀ ਪੇਸ਼ਕਸ਼ ਕਰਦਾ ਹੈ।ਛੋਟੇ ਕੋਰਸ ਵੀ ਨੌਕਰੀਆਂ ਪ੍ਰਾਪਤ ਕਰਨ ਲਈ ਲਾਭਦਾਇਕ ਹਨ।ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।ਸਾਡੀ Website : www.queenswoodcol-lege.com ਅਤੇ Address: 2023 William, Pkwy, Unit 3, Brampton, ON, L6S 5N1 ਹੈ।

# ਦਿੱਲੀ 'ਚ ਦੀਵਾਲੀ 'ਤੇ ਪਟਾਕੇ ਚਲਾਉਣ 'ਤੇ ਹੋਵੇਗੀ 6 ਮਹੀਨੇ ਦੀ ਸਜ਼ਾ

* ਪਟਾਕੇ ਵੇਚਣ ਵਾਲਾ ਜਾਵੇਗਾ 3 ਸਾਲ ਲਈ ਜੇਲ



ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਦਿੱਲੀ 'ਚ ਦੀਵਾਲੀ 'ਤੇ ਪਟਾਕੇ ਚਲਾਉਣ ਵਾਲਿਆਂ ਨੂੰ 6 ਮਹੀਨੇ ਤੱਕ ਦੀ ਕੈਦ ਅਤੇ 200 ਰੁਪਏ ਜੁਰਮਾਨਾ ਹੋ ਸਕਦਾ ਹੈ। ਇਹ ਜਾਣਕਾਰੀ ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਦਿੱਤੀ ਹੈ। ਗੋਪਾਲ ਰਾਏ ਨੇ ਬੁੱਧਵਾਰ ਨੂੰ ਕਿਹਾ ਕਿ ਦਿੱਲੀ ਵਿੱਚ ਪਟਾਕਿਆਂ ਦੇ ਉਤਪਾਦਨ, ਸਟੋਰੇਜ ਅਤੇ ਵਿਕਰੀ 'ਤੇ ਵਿਸਫੋਟਕ ਐਕਟ ਦੀ ਧਾਰਾ 9ਬੀ ਦੇ ਤਹਿਤ 5000 ਰੁਪਏ ਤੱਕ ਦਾ ਜੁਰਮਾਨਾ ਅਤੇ 3 ਸਾਲ ਦੀ ਕੈਦ ਦੀ ਸਜ਼ਾ ਹੋਵੇਗੀ।

ਇਸ ਦੇ ਨਾਲ ਹੀ ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਲੋਕਾਂ ਨੂੰ ਇਸ ਦੀਵਾਲੀ 'ਤੇ ਦੀਵੇ ਜਗਾਉਣ ਅਤੇ ਪਟਾਕੇ ਨਾ ਚਲਾਉਣ ਦੀ ਅਪੀਲ ਕੀਤੀ ਹੈ। ਦਿੱਲੀ ਸਰਕਾਰ ਲੋਕਾਂ ਨੂੰ ਜਾਗਰੂਕ ਕਰਨ ਲਈ ਜਨ-ਜਾਗਰੂਕ ਮੁਹਿੰਮ ਚਲਾਏਗੀ। ਇਹ ਕਨਾਟ ਪਲੇਸ ਦੇ ਸੈਂਟਰਲ ਪਾਰਕ ਤੋਂ ਸ਼ੁਰੂ ਹੋਵੇਗੀ। ਇੱਥੇ 51 ਹਜ਼ਾਰ ਦੀਵੇ ਜਗਾਏ ਜਾਣਗੇ।

ਦੀਵਾਲੀ 'ਤੇ ਪਟਾਕਿਆਂ 'ਤੇ ਪਾਬੰਦੀ ਨੂੰ ਲਾਗੂ ਕਰਨ ਲਈ ਦਿੱਲੀ 'ਚ 408 ਟੀਮਾਂ ਦਾ ਗਠਨ ਕੀਤਾ ਗਿਆ ਹੈ। ਦਿੱਲੀ ਪੁਲਿਸ ਨੇ ਸਹਾਇਕ ਪੁਲਿਸ ਕਮਿਸ਼ਨਰ ਦੀ ਅਗਵਾਈ ਹੇਠ 210 ਟੀਮਾਂ ਬਣਾਈਆਂ ਹਨ। ਜਦਕਿ ਮਾਲ ਵਿਭਾਗ ਨੇ 165 ਅਤੇ ਦਿੱਲੀ ਪ੍ਰਦੂਸ਼ਣ ਕੰਟਰੋਲ ਕਮੇਟੀ ਨੇ 33 ਟੀਮਾਂ ਦਾ ਗਠਨ ਕੀਤਾ ਹੈ। ਗੋਪਾਲ ਰਾਏ ਨੇ ਦੱਸਿਆ ਕਿ ਉਲੰਘਣਾ ਦੇ 188 ਮਾਮਲੇ ਸਾਹਮਣੇ ਆਏ ਹਨ। 16 ਅਕਤੂਬਰ ਤੱਕ 2,917 ਕਿਲੋ ਪਟਾਕੇ ਜ਼ਬਤ ਕੀਤੇ ਜਾ ਚੁੱਕੇ ਹਨ।

# ਸੁਏਲਾ ਬ੍ਰੇਵਰਮੈਨ ਨੇ ਬ੍ਰਿਟੇਨ ਦੇ ਗ੍ਰਹਿ ਸਕੱਤਰ ਦੇ ਅਹੁਦੇ ਤੋਂ ਦਿੱਤਾ ਅਸਤੀਫਾ



ਲੰਡਨ, 19 ਅਕਤੂਬਰ (ਪੋਸਟ ਬਿਊਰੋ)- ਭਾਰਤੀ ਮੂਲ ਦੀ ਸੁਏਲਾ ਬ੍ਰੇਵਰਮੈਨ ਨੇ ਬ੍ਰਿਟੇਨ ਦੀ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਬਰੇਵਰਮੈਨ, ਇੱਕ ਗੋਆ ਵਿੱਚ ਜਨਮੇ ਪਿਤਾ ਅਤੇ ਇੱਕ ਤਾਮਿਲ ਮੂਲ ਦੀ ਮਾਂ ਦੀ ਬੇਟੀ ਨੂੰ ਬ੍ਰਿਟਿਸ਼ ਪ੍ਰਧਾਨ ਮੰਤਰੀ ਲਿਜ਼ ਟਰਸ ਦੇ 10 ਡਾਊਨਿੰਗ ਸਟ੍ਰੀਟ ਵਿੱਚ ਅਹੁਦਾ ਸੰਭਾਲਣ ਤੋਂ 43 ਦਿਨ ਪਹਿਲਾਂ ਗ੍ਰਹਿ ਮੰਤਰੀ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਬ੍ਰੇਵਰਮੈਨ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਟਰੱਸ ਨਾਲ ਮੁਲਾਕਾਤ ਕੀਤੀ ਸੀ ਅਤੇ ਇਸ ਨੂੰ ਸਰਕਾਰੀ ਨੀਤੀ 'ਤੇ ਅਸਹਿਮਤੀ ਦੇ ਨਤੀਜੇ ਵਜੋਂ ਨਹੀਂ ਦੇਖਿਆ ਜਾ ਰਿਹਾ ਹੈ। ਕ੍ਰਾਸਿੰਸਕੀ ਕੁਆਰਟੇਂਗ ਨੂੰ ਪਿਛਲੇ ਸ਼ੁੱਕਰਵਾਰ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ, ਵਿੱਤ ਮੰਤਰੀ ਜੇਰੇਮੀ ਹੰਟ ਨੇ ਸੋਮਵਾਰ ਨੂੰ ਸਰਕਾਰ ਦੇ ਮਿੰਨੀ-ਬਜਟ ਵਿੱਚ ਕਟੌਤੀ ਕੀਤੀ ਸੀ। ਇਸ ਕਦਮ ਨਾਲ ਟਰਸ ਦੀ ਅਗਵਾਈ ਲਈ ਸੰਕਟ ਹੋਰ ਵਧਣ ਦੀ ਉਮੀਦ ਹੈ।

# ਚੀਨ ਨੇ ਸੰਯੁਕਤ ਰਾਸ਼ਟਰ 'ਚ ਭਾਰਤ-ਅਮਰੀਕਾ ਦੇ ਪ੍ਰਸਤਾਵ ਵਿਚ ਪਾਇਆ ਵਿਘਨ, ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਨੂੰ ਗਲੋਬਲ ਅੱਤਵਾਦੀ ਐਲਾਨੇ ਜਾਣ ਤੋਂ ਬਚਾਇਆ



ਯੂ.ਐਨ.,19 ਅਕਤੂਬਰ (ਪੋਸਟ ਬਿਊਰੋ)- ਚੀਨ ਨੇ ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਸ਼ਾਹਿਦ ਮਹਿਮੂਦ ਨੂੰ ਗਲੋਬਲ ਅੱਤਵਾਦੀ ਦੀ ਸੂਚੀ 'ਚ ਸ਼ਾਮਲ ਕਰਨ ਦੇ ਭਾਰਤ ਅਤੇ ਅਮਰੀਕਾ ਦੇ ਪ੍ਰਸਤਾਵ 'ਤੇ ਰੋਕ ਲਗਾ ਦਿੱਤੀ ਹੈ। ਚੀਨ ਨੇ ਚਾਰ ਮਹੀਨਿਆਂ ਵਿੱਚ ਚੌਥੀ ਵਾਰ ਕਿਸੇ ਅੱਤਵਾਦੀ ਨੂੰ ਪਾਬੰਦੀਸ਼ੁਦਾ ਸੂਚੀ ਵਿਚ ਪਾਉਣ ਦੀ ਵਿਸ਼ਵ ਸੰਸਥਾ ਦੀ ਕੋਸ਼ਿਸ਼ ਨੂੰ ਰੋਕ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਚੀਨ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ 1267 ਅਲਕਾਇਦਾ ਪਾਬੰਦੀ ਕਮੇਟੀ ਦੇ ਤਹਿਤ ਮਹਿਮੂਦ ਨੂੰ ਗਲੋਬਲ ਅੱਤਵਾਦੀ ਵਜੋਂ ਨਾਮਜ਼ਦ ਕਰਨ ਦੇ ਭਾਰਤ ਅਤੇ ਅਮਰੀਕਾ ਦੇ ਪ੍ਰਸਤਾਵ ਨੂੰ ਰੋਕ ਦਿੱਤਾ ਹੈ।

ਹਾਲ ਹੀ ਦੇ ਮਹੀਨਿਆਂ ਵਿਚ ਇਹ ਚੌਥੀ ਵਾਰ ਹੈ ਜਦੋਂ ਚੀਨ ਨੇ '1267 ਅਲ ਕਾਇਦਾ ਪਾਬੰਦੀ ਕਮੇਟੀ' ਦੇ ਤਹਿਤ ਪਾਕਿਸਤਾਨ ਸਥਿਤ ਇੱਕ ਅੱਤਵਾਦੀ ਨੂੰ ਗਲੋਬਲ ਅੱਤਵਾਦੀ ਐਲਾਨਣ ਦੇ ਪ੍ਰਸਤਾਵ ਨੂੰ ਰੋਕਿਆ ਹੈ। ਮਹਿਮੂਦ ਨੂੰ ਦਸੰਬਰ 2016 'ਚ ਅਮਰੀਕੀ ਖਜ਼ਾਨਾ ਵਿਭਾਗ ਨੇ ਗਲੋਬਲ ਅੱਤਵਾਦੀ ਐਲਾਨਿਆ ਸੀ।

# ਇਆਨ ਹਰੀਕੇਨ ਤੋਂ ਬਾਅਦ ਅਮਰੀਕਾ 'ਚ ਮਾਸ ਖਾਣ ਵਾਲੇ ਬੈਕਟੀਰੀਆ ਦੇ ਮਾਮਲੇ ਵਧੇ



ਫਲੋਰਿਡਾ, 19 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਫਲੋਰਿਡਾ ਵਿੱਚ ਮਾਸ ਖਾਣ ਵਾਲੇ ਬੈਕਟੀਰੀਆ ਦੀ ਲਾਗ ਕਾਰਨ ਮੌਤਾਂ ਦੇ ਮਾਮਲੇ ਵੱਧ ਰਹੇ ਹਨ। ਫਲੋਰਿਡਾ ਅਮਰੀਕਾ ਦਾ ਦੂਰ ਦੱਖਣ-ਪੂਰਬੀ ਖੇਤਰ ਹੈ ਅਤੇ ਇੱਥੇ ਵਿਬਰੀਓ ਵੁਲਨੀਫਿਕਸ ਬੈਕਟੀਰੀਆ ਦੀ ਲਾਗ ਵਧ ਰਹੀ ਹੈ ਅਤੇ ਇਸ ਕਾਰਨ ਲੋਕ ਆਪਣੀ ਜਾਨ ਵੀ ਗੁਆ ਰਹੇ ਹਨ। ਇਸ ਖੇਤਰ ਵਿਚ ਹਰੀਕੇਨ ਇਆਨ ਦੇ ਆਉਣ ਤੋਂ ਬਾਅਦ ਅਜਿਹਾ ਹੋ ਰਿਹਾ ਹੈ। ਤੂਫ਼ਾਨ ਇਆਨ ਕਾਰਨ ਇਲਾਕੇ ਨੂੰ ਭਾਰੀ ਤੂਫ਼ਾਨ ਅਤੇ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ।

ਫਲੋਰੀਡਾ ਡਿਪਾਰਟਮੈਂਟ ਆਫ਼ ਹੈਲਥ ਦੇ ਅੰਕੜਿਆਂ ਦੇ ਅਨੁਸਾਰ, ਵਿਬ੍ਰਿਓ ਵੁਲਨੀਫਿਕਸ ਬੈਕਟੀਰੀਆ ਆਮ ਤੌਰ 'ਤੇ ਗਰਮ ਸਮੁੰਦਰ ਦੇ ਪਾਣੀ ਵਿਚ ਰਹਿੰਦੇ ਹਨ ਅਤੇ ਵਿਬ੍ਰਿਓ ਸਮੂਹ ਦਾ ਹਿੱਸਾ ਹੈ ਜਿਸਨੂੰ ਹੈਲੋਫਿਲਿਕ ("ਹੈਲੋਫਿਲਿਕ") ਕਿਹਾ ਜਾਂਦਾ ਹੈ ਕਿਉਂਕਿ ਇਸਨੂੰ ਲੂਣ ਦੀ ਲੋੜ ਹੁੰਦੀ ਹੈ। ਇਹ ਗਰਮ ਅਤੇ ਨਮਕੀਨ ਸਮੁੰਦਰ ਦੇ ਪਾਣੀ ਵਿਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਹੈ।" ਅੰਕੜਿਆਂ ਮੁਤਾਬਕ ਇਸ ਸਾਲ ਫਲੋਰੀਡਾ 'ਚ ਖਤਰਨਾਕ ਵਿਬ੍ਰਿਓ ਵੁਲਨੀਫਿਕਸ ਬੈਕਟੀਰੀਆ ਦੇ 65 ਮਾਮਲੇ ਸਾਹਮਣੇ ਆਏ ਸਨ। ਪਿਛਲੇ ਮਹੀਨੇ ਤੂਫਾਨ ਇਆਨ ਤੋਂ ਪਹਿਲਾਂ ਸੂਬੇ 'ਚ ਸਿਰਫ 37 ਮਾਮਲੇ ਸਾਹਮਣੇ ਆਏ ਸਨ।

ਇਸ ਘਾਤਕ ਬੈਕਟੀਰੀਆ ਦੇ ਜ਼ਿਆਦਾਤਰ ਮਾਮਲੇ ਲੀ ਕਾਊਂਟੀ ਵਿਚ ਪਾਏ ਗਏ ਹਨ, ਜਿੱਥੇ ਫੋਰਟ ਮੇਅਰਜ਼ ਅਤੇ ਸੈਨੀਬਲ ਟਾਪੂ ਦੇ ਭਾਈਚਾਰੇ ਰਹਿੰਦੇ ਹਨ। ਇਹ ਇਲਾਕਾ ਹਰੀਕੇਨ ਇਆਨ ਨੇ ਲਗਭਗ ਤਬਾਹ ਕਰ ਦਿੱਤਾ ਸੀ। ਲੀ ਕਾਊਂਟੀ ਹੈਲਥ ਡਿਪਾਰਟਮੈਂਟ ਦੇ ਬੁਲਾਰੇ ਟੈਮੀ ਸੋਲੀਜ਼ ਨੇ ਸੀਐਨਐਨ ਨੂੰ ਦੱਸਿਆ ਕਿ ਮਾਸ ਖਾਣ ਵਾਲੇ ਬੈਕਟੀਰੀਆ ਦੇ ਨਾਲ ਲਾਗ ਦੇ ਮਾਮਲਿਆਂ ਵਿੱਚ ਅਚਾਨਕ ਵਾਧੇ ਦਾ ਪਤਾ ਲਗਾਇਆ ਜਾ ਰਿਹਾ ਹੈ ਅਤੇ ਇਹ ਹੜ੍ਹ ਦੇ ਪਾਣੀ ਜਾਂ ਖੜ੍ਹੇ ਪਾਣੀ ਦੇ ਸੰਪਰਕ ਦਾ ਨਤੀਜਾ ਜਾਪਦਾ ਹੈ।" ਕਮਜ਼ੋਰ ਇਮਿਊਨਿਟੀ ਵਾਲੇ ਲੋਕ ਅਤੇ ਖਾਸ ਤੌਰ 'ਤੇ ਗੰਭੀਰ ਜਿਗਰ ਦੀ ਬੀਮਾਰੀ ਵਾਲੇ ਲੋਕਾਂ ਨੂੰ ਲਾਗ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਸਿਹਤਮੰਦ ਲੋਕਾਂ ਵਿੱਚ, ਇਸਦੀ ਲਾਗ ਦਾ ਪ੍ਰਭਾਵ ਹਲਕਾ ਹੁੰਦਾ ਹੈ।

# ਕਰਨਾਟਕ 'ਚ ਤਿੰਨ ਦਿਨਾਂ ਤੋਂ ਜਾਰੀ ਮੀਂਹ, ਸੜਕਾਂ 'ਤੇ ਪਾਣੀ ਭਰਿਆ



ਬੰਗਲੁਰੂ, 19 ਅਕਤੂਬਰ (ਪੋਸਟ ਬਿਊਰੋ)- ਕਰਨਾਟਕ ਦੀ ਰਾਜਧਾਨੀ ਬੰਗਲੁਰੂ 'ਚ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਕਾਰਨ ਆਮ ਜਨਜੀਵਨ ਠੱਪ ਹੋ ਗਿਆ ਹੈ। ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਗਿਆ ਹੈ। ਮੀਂਹ ਕਾਰਨ ਸੜਕਾਂ ਉੱਖੜ ਗਈਆਂ ਹਨ। ਬੁੱਧਵਾਰ ਨੂੰ ਮੀਂਹ ਕਾਰਨ ਸੜਕਾਂ ਨਦੀ ਵਿੱਚ ਬਦਲ ਗਈਆਂ। ਸ਼ਹਿਰ ਵਿੱਚ ਭਾਰੀ ਮੀਂਹ ਕਾਰਨ ਵਾਹਨਾਂ ਦਾ ਕਾਫੀ ਨੁਕਸਾਨ ਹੋਇਆ ਹੈ। ਬੰਗਲੁਰੂ ਵਿੱਚ ਭਾਰੀ ਮੀਂਹ ਕਾਰਨ ਬੇਲੰਦੂਰ ਦੇ ਆਈਟੀ ਖੇਤਰ ਸਮੇਤ ਸ਼ਹਿਰ ਦੇ ਮੱਧ ਹਿੱਸੇ ਵਿੱਚ ਕਈ ਪ੍ਰਮੁੱਖ ਸੜਕਾਂ ਪਾਣੀ ਵਿੱਚ ਡੁੱਬ ਗਈਆਂ।

ਮੌਸਮ ਵਿਭਾਗ ਅਨੁਸਾਰ ਸ਼ਹਿਰ ਦੇ ਉੱਤਰੀ ਹਿੱਸੇ ਵਿੱਚ ਰਾਜਮਹਿਲ ਗੁੱਟਾਹੱਲੀ ਵਿੱਚ 59 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨਾਂ ਲਈ ਇੱਥੇ ਯੈਲੋ ਅਲਰਟ ਜਾਰੀ ਕੀਤਾ ਹੈ। ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਭਾਰੀ ਪਾਣੀ ਭਰਨ ਕਾਰਨ ਸੜਕਾਂ ਨੇ ਨਦੀਆਂ ਦਾ ਰੂਪ ਧਾਰਨ ਕਰ ਲਿਆ ਹੈ। ਭਾਰੀ ਮੀਂਹ ਕਾਰਨ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਅਤੇ ਦਫ਼ਤਰ ਜਾਣ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ਹਿਰ ਦੇ ਕੁਝ ਹਿੱਸੇ ਜਿੱਥੇ ਗਲੋਬਲ ਆਈਟੀ ਕੰਪਨੀਆਂ ਅਤੇ ਘਰੇਲੂ ਸਟਾਰਟ-ਅੱਪ ਸਥਿਤ ਹਨ, ਪਾਣੀ ਵਿਚ ਡੁੱਬ ਗਏ ਹਨ, ਇੱਥੋਂ ਪਾਣੀ ਨਿਕਲਣ ਵਿਚ ਕਈ ਦਿਨ ਲੱਗ ਜਾਣਗੇ। ਭਾਰੀ ਮੀਂਹ ਕਾਰਨ ਸੜਕਾਂ ਜਾਮ ਹੋ ਗਈਆਂ ਅਤੇ ਨੇੜਲੇ ਰਿਹਾਇਸ਼ੀ ਇਲਾਕਿਆਂ ਵਿੱਚ ਪਾਣੀ ਅਤੇ ਬਿਜਲੀ ਦੀਆਂ ਲਾਈਨਾਂ ਜਾਮ ਹੋ ਗਈਆਂ। ਕੁਝ ਪੌਸ਼ ਹਾਊਸਿੰਗ ਕਲੋਨੀਆਂ ਵਿੱਚ ਵਸਨੀਕਾਂ ਨੂੰ ਬਚਾਉਣ ਲਈ ਟਰੈਕਟਰਾਂ ਨੂੰ ਸੇਵਾ ਵਿੱਚ ਲਗਾਇਆ ਗਿਆ ਹੈ।

## ਗੁਆਂਢ 'ਚ ਰਹਿਣ ਵਾਲੇ ਰਸੋਈਏ ਨੇ 11 ਸਾਲਾ ਬੱਚੀ ਨਾਲ ਕੀਤਾ ਬਲਾਤਕਾਰ

ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਉੱਤਰੀ ਦਿੱਲੀ ਦੇ ਵਜ਼ੀਰਾਬਾਦ ਪੁਲਸ ਸਟੇਸ਼ਨ 'ਚ ਮੰਗਲਵਾਰ ਨੂੰ ਬਲਾਤਕਾਰ ਦਾ ਮਾਮਲਾ ਦਰਜ ਕੀਤਾ ਗਿਆ ਹੈ। ਵਜ਼ੀਰਾਬਾਦ ਇਲਾਕੇ ਦੇ ਇਕ ਵਿਅਕਤੀ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਉਸਦੀ 11 ਸਾਲਾ ਬੇਟੀ ਦਾ ਉਸਦੇ ਗੁਆਂਢ ਵਿੱਚ ਰਹਿਣ ਵਾਲੇ ਇੱਕ ਨੌਜਵਾਨ ਨੇ ਜਿਨਸੀ ਸ਼ੋਸ਼ਣ ਕੀਤਾ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ। ਵਜ਼ੀਰਾਬਾਦ ਪੁਲੀਸ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਵਲੋਂ ਸ਼ਿਕਾਇਤ ਮਿਲੀ ਸੀ ਕਿ ਉਨ੍ਹਾਂ ਦੀ 11 ਸਾਲਾ ਬੇਟੀ ਦਾ ਉਨ੍ਹਾਂ ਦੇ ਗੁਆਂਢ ਵਿੱਚ ਰਹਿਣ ਵਾਲੇ ਰਾਜੂ ਉਰਫ਼ ਬਿੱਗ ਸ਼ੋਅ ਨਾਂ ਦੇ ਨੌਜਵਾਨ ਵਲੋਂ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ। ਉਸ ਨੌਜਵਾਨ ਦੀ ਉਮਰ 28 ਸਾਲ ਹੈ ਅਤੇ ਉਹ ਗਾਂਧੀ ਵਿਹਾਰ ਵਿੱਚ ਕੁੱਕ ਦਾ ਕੰਮ ਕਰਦਾ ਹੈ। ਉਸ ਦੀ ਬੇਟੀ ਸੱਤਵੀਂ ਜਮਾਤ ਦੀ ਵਿਦਿਆਰਥਣ ਹੈ। ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪੀਜ਼ਾ ਡਿਲੀਵਰੀ ਬੁਆਏ ਬਣਿਆ 6000 ਕਰੋੜ ਦਾ ਮਾਲਕ, ਦੁਨੀਆ 'ਚ ਚਮਕਿਆ ਉਸਦਾ ਬ੍ਰਾਂਡ

ਲੰਡਨ, 19 ਅਕਤੂਬਰ (ਪੋਸਟ ਬਿਊਰੋ) - ਇੱਕ ਨੌਜਵਾਨ ਆਈਕਨ ਸਿਰਫ 10 ਸਾਲਾਂ ਵਿੱਚ ਆਪਣੇ ਆਪ ਨੂੰ ਫਰਸ਼ ਤੋਂ ਅਰਸ਼ ਤੱਕ ਲੈ ਆਇਆ। ਅੱਜ ਪੂਰੀ ਦੁਨੀਆ 'ਚ ਇਸ ਨੌਜਵਾਨ ਕਾਰੋਬਾਰੀ ਦੀ ਚਰਚਾ ਹੈ। ਉਸਦਾ ਬ੍ਰਾਂਡ ਅਮਰੀਕਾ ਅਤੇ ਯੂਰਪ ਵਿੱਚ ਹੀ ਨਹੀਂ ਸਗੋਂ ਧਰਤੀ ਦੇ ਹਰ ਕੋਨੇ ਵਿੱਚ ਦਿਖਾਈ ਦਿੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਨੌਜਵਾਨ ਕਦੇ ਪੀਜ਼ਾ ਡਿਲੀਵਰੀ ਦਾ ਕੰਮ ਕਰਦਾ ਸੀ ਪਰ ਅੱਜ ਉਸ ਦੀ ਕੁੱਲ ਜਾਇਦਾਦ 6000 ਕਰੋੜ ਤੋਂ ਵੱਧ ਹੈ। ਇਸ ਦਾ ਨਾਂ ਫੋਰਬਸ ਦੀ ਸੂਚੀ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ। ਅਸੰਭਵ ਨੂੰ ਸੰਭਵ ਬਣਾਉਣ ਵਾਲੇ ਇਸ ਕਾਰੋਬਾਰੀ ਦਾ ਨਾਮ ਹੈ ਬੇਨ ਫਰਾਂਸਿਸ, ਜਿਸ ਨੇ 30 ਸਾਲ ਦੀ ਉਮਰ ਵਿੱਚ ਉਹ ਸਭ ਕੁਝ ਹਾਸਲ ਕਰ ਲਿਆ ਜੋ ਸ਼ਾਇਦ ਲੱਖਾਂ ਲੋਕ 100 ਸਾਲ ਦੀ ਜ਼ਿੰਦਗੀ ਗੁਜ਼ਾਰ ਕੇ ਵੀ ਨਹੀਂ ਕਰ ਸਕੇ।

ਬ੍ਰਿਟੇਨ 'ਚ ਰਹਿਣ ਵਾਲੇ ਬੇਨ ਫਰਾਂਸਿਸ ਨੂੰ ਜਿਮ ਕਰਨ ਦਾ ਬਹੁਤ ਸ਼ੌਕ ਸੀ। ਪਰ ਉਸ ਨੂੰ ਆਪਣੀ ਪਸੰਦ ਦੇ ਜਿੰਮ ਦੇ ਕੱਪੜੇ ਨਹੀਂ ਮਿਲ ਰਹੇ ਸਨ। ਫਿਰ ਅਚਾਨਕ ਇੱਕ ਦਿਨ ਉਸਨੇ ਆਪਣੇ ਕੱਪੜੇ ਖੁਦ ਬਣਾਉਣ ਦਾ ਫੈਸਲਾ ਕੀਤਾ। ਉਸ ਸਮੇਂ ਦੌਰਾਨ, ਬੇਨ ਬਰਮਿੰਘਮ ਦੀ ਇੱਕ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਅਤੇ ਇੱਕ ਡਿਲੀਵਰੀ ਬੁਆਏ ਦੇ ਰੂਪ ਵਿੱਚ ਸਮਾਨ ਦੀ ਡਿਲਿਵਰੀ ਦਾ ਕੰਮ ਕਰਕੇ ਆਪਣਾ ਖਰਚਾ ਕਮਾਉਂਦਾ ਸੀ।

ਜਿੰਮ ਕਰਨ ਦੇ ਨਾਲ-ਨਾਲ ਉਸਨੇ ਇੱਕ ਗੈਰੇਜ ਵਿੱਚ ਆਪਣੀ ਛੋਟੀ ਕੱਪੜੇ ਦੀ ਦੁਕਾਨ ਵੀ ਸਥਾਪਿਤ ਕੀਤੀ। ਜਿੱਥੇ ਉਹ ਆਪਣੀ ਪਸੰਦ ਦੇ ਕੱਪੜੇ ਵੇਚਦਾ ਸੀ। ਸ਼ੁਰੂ ਵਿਚ, ਉਸ ਨੂੰ ਆਪਣੇ ਡਿਜ਼ਾਈਨਰ ਕੱਪੜਿਆਂ ਤੋਂ ਬਹੁਤ ਫਾਇਦਾ ਹੋਇਆ। ਬਾਅਦ ਵਿੱਚ ਉਸਨੇ ਆਪਣੇ ਜਿਮ ਪਹਿਨਣ ਦੇ ਕਾਰੋਬਾਰ ਦਾ ਨਾਮ ਜਿਮਸ਼ਾਰਕ ਰੱਖਿਆ ਅਤੇ ਇੱਕ ਛੋਟੀ ਕੰਪਨੀ ਬਣਾਈ। ਬੇਨ ਨੇ ਨੌਜਵਾਨਾਂ ਨੂੰ ਇੰਟਰਨੈਟ ਦੁਆਰਾ ਦਿੱਤੀ ਗਈ ਸ਼ਕਤੀ ਦੀ ਵਰਤੋਂ ਆਪਣੀ ਛੋਟੀ ਕੰਪਨੀ ਨੂੰ ਇੱਕ ਵੱਡਾ ਬ੍ਰਾਂਡ ਬਣਾਉਣ ਲਈ ਕੀਤੀ।

# ਨਫਰਤੀ ਭਾਸ਼ਣ ਮਾਹੌਲ ਨੂੰ ਵਿਗਾੜ ਰਹੇ, ਰੋਕਣ ਦੀ ਲੋੜ: ਸੁਪਰੀਮ ਕੋਰਟ

ਨਵੀਂ ਦਿੱਲੀ, 19 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਨਫ਼ਰਤੀ ਭਾਸ਼ਣਾਂ 'ਤੇ ਰੋਕ ਲਗਾਉਣ ਲਈ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਹੈ ਕਿ ਨਫ਼ਰਤ ਭਰੇ ਭਾਸ਼ਣਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਐਸ ਰਵਿੰਦਰ ਭੱਟ ਦੀ ਬੈਂਚ ਨੇ ਇੱਕ ਪਟੀਸ਼ਨ ਦੀ ਸੁਣਵਾਈ ਦੌਰਾਨ ਕਿਹਾ ਕਿ ਨਫ਼ਰਤ ਭਰੇ ਭਾਸ਼ਣ ਨੂੰ ਤੁਰੰਤ ਰੋਕਣ ਦੀ ਲੋੜ 'ਤੇ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ।

ਇਸ ਦੇ ਨਾਲ ਹੀ, ਇੱਕ ਵੱਖਰੇ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਸੋਮਵਾਰ ਨੂੰ ਉੱਤਰਾਖੰਡ ਅਤੇ ਦਿੱਲੀ ਸਰਕਾਰਾਂ ਤੋਂ ਜਵਾਬ ਮੰਗਿਆ ਹੈ ਕਿ ਰਾਜ ਅਤੇ ਰਾਸ਼ਟਰੀ ਰਾਜਧਾਨੀ ਵਿੱਚ ਆਯੋਜਿਤ ਧਰਮ ਸੰਸਦ ਵਿੱਚ ਨਫ਼ਰਤ ਭਰੇ ਭਾਸ਼ਣ ਦੇਣ ਵਾਲਿਆਂ ਵਿਰੁੱਧ ਪੁਲਿਸ ਦੁਆਰਾ ਕੀ ਕਾਰਵਾਈ ਕੀਤੀ ਗਈ।

ਚੌਧਰੀ ਨੇ ਕਿਹਾ ਕਿ ਨਫਰਤ ਭਰੇ ਭਾਸ਼ਣ ਕਾਰਨ ਮਾਹੌਲ ਖਰਾਬ ਹੋ ਰਿਹਾ ਹੈ ਪਰ ਇਸ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਇਸ 'ਤੇ ਰੋਕ ਲਗਾਉਣ ਦੀ ਲੋੜ ਹੈ। ਇਸ ਦੇ ਨਾਲ ਹੀ ਪਟੀਸ਼ਨਰ ਹਰਪ੍ਰੀਤ ਮਨਸੁਖਾਨੀ ਨੇ ਨਫਰਤ ਭਰੇ ਭਾਸ਼ਣ ਨੂੰ ਲੈ ਕੇ ਅਦਾਲਤ 'ਚ ਨਿੱਜੀ ਤੌਰ 'ਤੇ ਪੇਸ਼ ਹੋ ਕੇ ਕਿਹਾ ਕਿ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਬਿਆਨ ਦੇਣ ਲਈ ਨਫਰਤ ਭਰੇ ਭਾਸ਼ਣ ਦੀ ਵਰਤੋਂ ਕੀਤੀ ਗਈ ਸੀ।

# ਬਿਰਯਾਨੀ ਨਾ ਮਿਲੀ ਤਾਂ ਰੈਸਟੋਰੈਂਟ ਨੂੰ ਲਗਾ ਦਿੱਤੀ ਅੱਗ



ਨਿਊਯਾਰਕ, 19 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੀ ਨਿਊਯਾਰਕ ਪੁਲਸ ਨੇ ਇੱਕ ਬੰਗਲਾਦੇਸ਼ੀ ਰੈਸਟੋਰੈਂਟ ਨੂੰ ਅੱਗ ਲਗਾਉਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਨਿਊਯਾਰਕ ਪੋਸਟ ਮੁਤਾਬਕ ਇਸ ਵਿਅਕਤੀ ਨੇ ਚਿਕਨ ਬਿਰਯਾਨੀ ਦਾ ਆਰਡਰ ਪੂਰਾ ਨਾ ਕਰਨ ਤੋਂ ਨਾਰਾਜ਼ ਹੋ ਕੇ ਅੱਗ ਲਗਾ ਦਿੱਤੀ। ਸ਼ੱਕੀ ਦੀ ਪਛਾਣ 49 ਸਾਲਾ ਚੋਫੇਲ ਨੋਰਬੂ ਵਜੋਂ ਹੋਈ ਹੈ। ਉਸ ਨੇ ਜੈਕਸਨ ਹਾਈਟਸ ਦੇ ਇਟਾਡੀ ਗਾਰਡਨ ਅਤੇ ਗਰਿੱਲ ਨੂੰ ਅੱਗ ਲਾਉਣ ਦੀ ਗੱਲ ਕਬੂਲੀ ਹੈ। ਉਸ 'ਤੇ ਅੱਗਜ਼ਨੀ ਅਤੇ ਅਪਰਾਧਿਕ ਦੰਗਿਆਂ ਦੇ ਦੋਸ਼ ਲਾਏ ਗਏ ਹਨ। ਨਿਊਯਾਰਕ ਪੋਸਟ ਦੇ ਅਨੁਸਾਰ, ਨੋਰਬੂ ਨੇ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਨੂੰ ਦੱਸਿਆ, "ਮੈਂ ਬਹੁਤ ਸ਼ਰਾਬੀ ਸੀ। ਮੈਂ ਚਿਕਨ ਬਿਰਯਾਨੀ ਖਰੀਦੀ ਸੀ, ਉਸਨੇ ਮੈਨੂੰ ਚਿਕਨ ਬਿਰਯਾਨੀ ਨਹੀਂ ਦਿੱਤੀ। ਮੈਂ ਗੁੱਸੇ ਵਿੱਚ ਆ ਗਿਆ ਅਤੇ ਅਜਿਹਾ ਕੀਤਾ।"

ਉਸਨੇ ਕਿਹਾ, "ਮੈਂ ਪੈਟਰੋਲ ਦਾ ਇੱਕ ਡੱਬਾ ਖਰੀਦਿਆ, ਅਤੇ ਮੈਂ ਇਸਨੂੰ ਸਟੋਰ 'ਤੇ ਰੱਖ ਦਿੱਤਾ ਅਤੇ ਇਸਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਮੈਂ ਇਸਨੂੰ ਜਗਾਇਆ ਅਤੇ ਇਹ ਫਟ ਗਿਆ, ਇਹ ਮੇਰੇ ਉੱਤੇ ਵੀ ਆ ਗਿਆ।" ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਨਿਊਯਾਰਕ ਫਾਇਰ ਡਿਪਾਰਟਮੈਂਟ ਨੇ ਇਸ ਦਾ ਵੀਡੀਓ ਜਾਰੀ ਕੀਤਾ ਹੈ। ਫੁਟੇਜ ਵਿੱਚ ਇੱਕ ਵਿਅਕਤੀ, ਕਥਿਤ ਤੌਰ 'ਤੇ ਨੋਰਬੂ, ਰੈਸਟੋਰੈਂਟ ਦੇ ਬਾਹਰ ਖੜ੍ਹਾ ਦਿਖਾਈ ਦਿੰਦਾ ਹੈ, ਫਿਰ ਜਲਣਸ਼ੀਲ ਸਮੱਗਰੀ ਦਾ ਛਿੜਕਾਅ ਕਰਦਾ ਹੈ ਅਤੇ ਇਸਨੂੰ ਅੱਗ ਲਗਾ ਦਿੰਦਾ ਹੈ।

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls
-Personal Taxes
-GST/HST
-Credit Card Debts
-Personal Loans
-Pay Day Loans
-Student Loans
-Wage Garnishment
-Writ on your property
-Frozen Bank Accounts
CONTACT US:
Goma Sandhu
(416)-731-6382
gomasandhu@hotmail.com
WE HELP...
-Save your Assets
-Avoid Bankruptcy
-Small monthly payments
-Rebuild your credit
YOUR DEBT $ MY SOLUTION


Neighbourhood GARAGE SALE
Near the intersection of Bosildon Cres and Bishop Ct in Brampton
Near Bramalea City Centre
For More Information Call 647-403-9799







# CLASSIFIEDS

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

**Starting at just $10**
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Matrimonial
ਰਿਸ਼ਤੇ ਹੀ ਰਿਸ਼ਤੇ

**Starting at just $10**
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**













## We are looking for:

* General Labours
* Forklift Operators
* Window assemblers
* Production Line Workers
* Machine Operators
* AZ Driver, Shippers/Receivers Packagers

WE ARE HIRING

**Only Full Time Position Available**

**Must be eligible to work in Canada & communication in English**

**Please call us: 416-514-0733**

Urgently Need New Listings in Brampton/Caledon

visit: www.teamjagaujla.com

Call JAG AUJLA

MCNE, REAL ESTATE BROKER

DIR: 416-371-7777

j.aujla@rogers.com www.jagaujla.com

Follow Us:

GUARANTEED

CALL JAG FOR A QUICK & FREE HOME EVALUATION

www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

HOUSE FOR LEASE IN CALEDON

KENNEDY/ NEW HOUSE/ DOUGALL AVE.

- 2500-3000 sq feet ਦਾ Detached ਘਰ
- $3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
- ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
- 2nd ਫਲੋਰ ਤੇ 9 ਫੁੱਟ ਦੀ ਸੀਲੀਂਗ
- ਪੂਰਾ ਘਰ $4700/month with unfurnished ਬੇਸਮੇਂਟ
- HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
- 1ਸਾਲ ਦੀ Lease, Credit Report, Full Rental App.
- First & Last month + Key Deposit

LISTED IN BRAMPTON

MAYFIELD / MCLAUGHLIN

- Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
- 3+1 ਬੈੱਡਰੂਮ + 4 ਵਾਸ਼ਰੂਮ
- 1 ਬੈੱਡਰੂਮ Legal Finished Basement with Seperate Entrance
- 9 ਫੁੱਟ ਦੀ ਸੀਲੀਂਗ
- ਸਟੈਂਡਰਡ ਓਕ ਸਟੈਅਰ ਕੇਸ
- ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
- ਗ੍ਰੇਨਾਈਟ ਕਾਊਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
- ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
- HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ

LISTED IN BRAMPTON

CASTLEMORE/ HUMBERWEST/AIRPORT

- 1500-2000 sq feet ਦਾ ਘਰ
- 3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
- ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
- Extended ਡਰਾਈਵਵੇਅ
- ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ

FREE

- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)

Off: 905-456-3232

*(Based on units sold & commissions)** *Some Conditions Apply.

"Seller" & Jag Aujla Broker of Remax Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777

MCNE, REAL ESTATE BROKER NOT INTENDED TO SOLICIT BUYERS OR SELLER CURRENTLY UNDER CONTRACT

SEPTEMBER 2022

REXDALE BODY SHOP

USED CAR SALE

Specialization In:

- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience

OPEN MON - SAT 9AM TO 7PM

CHEEMA

LOWEST PRICE IN TOWN

Call Rick or Manminder Cheema: 416.749.9596 / 416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca mcheemaaaa@hotmail.com

Tri-City Professional Realty Inc., Brokerage

The Future of Real Estate

www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana

Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8

SOLD $1,399,999

CASTLEMORE/GOREWAY

ਬਰੈਮਪਟਨ ਵਿਚ ਬਹੁਤ ਹੀ ਸੋਹਣਾ ਅਤੇ ਨਵਾਂ ਸੁੰਦਰ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਕੂਲਾਂ ਸਹੂਲਤਾਂ ਦੇ ਨੇੜੇ

SOLD $1,749,900

8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜ਼ਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000

26 Yellow RomeRd

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਸਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

afc

ORDER ONLINE TODAY !!!

WWW.ASIANFOODCENTRE.COM

FREE PICK UP!!!

HOME DELIVERY ALSO AVAILABLE !!!

ASIAN FOOD CENTRE

VEGETARIAN FOOD

HEALTHY EATING

FRESH & LARGE VARIETY

Bread, Dairy & Eggs

Branded Foods

Fruits & Vegetables

Beverages & Confectionery

Grocery & Staples

Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017